ਇਹ ਚਿੱਠੀ ਭਾਈ ਸੁਖਦੇਵ ਸਿੰਘ ਸੁੱਖਾਂ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਨੇ 4 ਮਈ 1990 ਨੂੰ ਪੂਨਾ ਜੇਲ੍ਹ ਚੋਂ ਭਾਰਤ ਦੇ ਰਾਸ਼ਟਰਪਤੀ ਨੂੰ ਲਿਖੀ ਸੀ ।

ੴ

# "ਰਾਸ਼ਟਰਪਤੀ: ਜੀ, ਸ਼ਹੀਦੀ ਸਫਰ 'ਤੇ ਪਏ ਦੋ ਸਿੰਘਾਂ ਦੀ ਸਤਿ ਸ੍ਰੀ ਅਕਾਲ ਪ੍ਰਵਾਨ ਕਰੋ।

ਸਿਧਾਂਤ ਰੂਪ ਵਿੱਚ ਇਹ ਸਪੱਸ਼ਟ ਕਰਨਾ ਬਿਹਤਰ ਰਹੇਗਾ ਕਿ ਸਾਡਾ 'ਰਾਸ਼ਟਰ' ਗੁਰੂ ਗਰੰਥ ਸਾਹਿਬ ਦੀ ਲਿਵ ਵਿੱਚ ਜੁੜਿਆ ਖਾਲਸਾ ਪੰਥ ਹੈ ਜਿਸ ਦੇ ਚਰਨਾਂ ਦੀ ਧੂੜ ਨੂੰ ਮੱਥੇ ਉਤੇ ਲਾ ਕੇ ਅਸਾਂ ਖਾਲਿਸਤਾਨ ਦੀ ਮੰਜ਼ਿਲ ਵੱਲ ਪਹਿਲੇ ਕਦਮ ਰੱਖੇ ਸਨ। ਖਾਲਸਾ ਪੰਥ ਦੀ ਸ਼ਕਤੀ ਨੂੰ ਮਿਟਾਉਣ ਦਾ ਯਤਨ ਕਰਨ ਵਾਲਿਆਂ ਤੁਹਾਡੀਆਂ ਫੌਜਾਂ ਦੇ ਜਰਨਲ ਵੈਦਿਆ ਦਾ ਖਾਤਮਾ ਵੀ ਸ਼ਹਾਦਤ ਵੱਲ ਜਾਂਦੇ ਸਾਡੇ ਇਨ੍ਹਾਂ ਬਿਖੜੇ ਪੈਂਡਿਆਂ ਦੌਰਾਨ ਵਾਪਰਿਆ ਇਕ ਅਜਿਹਾ 'ਸ਼ੁਭ ਕਰਮ' ਸੀ ਜਿਸ ਨੇ ਇਸ ਇਤਿਹਾਸਕ ਸਚਾਈ ਨੂੰ ਇਕ ਵਾਰ ਮੁੜ ਸਾਖਿਆਤ ਕੀਤਾ ਹੈ ਕਿ ਖਾਲਸਾ ਪੰਥ ਦੀ ਆਜ਼ਾਦ ਵਾਤਾਵਰਣ ਵਿੱਚ ਸਾਹ ਲੈਣ ਦੀ ਰੀਝ, ਗੈਰਤ ਤੇ ਅਣਖ ਨੂੰ ਮਲੀਆਮੇਟ ਨਹੀਂ ਕੀਤਾ ਜਾ ਸਕਦਾ।

ਇਥੇ ਅਸੀਂ ਇਹ ਵੀ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਇਹ ਸ਼ਬਦ ਅਸੀਂ ਤੁਹਾਨੂੰ ਇਕ ਵਿਅਕਤੀ ਦੀ ਹੈਸੀਅਤ ਵਿੱਚ ਨਹੀਂ ਸਗੋਂ ਸਦਾ ਤੋਂ ਹੀ ਪੰਥ ਵਿਰੋਧੀ ਚਲੀ ਆ ਰਹੀ ਭਾਰਤ ਦੀ ਫਿਰਕਾਪ੍ਰਸਤ ਬ੍ਰਾਹਮਣੀ ਸਰਕਾਰ ਦੇ ਮੁਖੀ ਨੂੰ ਲਿਖ ਰਹੇ ਹਾਂ। ਦਿੱਲੀ ਦੇ ਇਸ ਕੂੜ ਦੇ ਤਖ਼ਤ ਉਤੇ ਜੋ ਵੀ ਬਿਰਾਜਮਾਨ ਹੈ, ਸੀ ਜਾਂ ਹੋਵੇਗਾ ਉਹ ਸਾਡੇ ਲਈ ਜ਼ੁਲਮ ਤੇ ਜਬਰ ਦਾ ਪ੍ਰਤੀਕ ਹੈ। ਅਸੀਂ ਇਹ ਵੀ ਨਹੀਂ ਭੁਲ ਰਹੇ ਕਿ ਜਿਸ ਵੇਲੇ ਖੁਦਾ ਤੋਂ ਵਰੋਸਾਏ ਮਹਾਨ ਦਰਵੇਸ਼ ਸਾਂਈ ਮੀਆਂ ਮੀਰ ਵਲੋਂ ਰੱਖੀ ਨੀਂਹ ਉਤੇ ਉਸਰੇ ਸਾਡੇ ਰੱਬ ਦੇ ਘਰ ਉਤੇ 'ਪਾਪ ਦੀ ਜੰਞ' ਚੜੀ ਸੀ, ਉਸ ਵੇਲੇ ਤੁਹਾਡੀ ਥਾਂ ਉਤੇ ਸਿੱਖੀ ਦੇ ਭੇਸ ਵਿੱਚ ਇਕ ਕਾਫਰ ਬੈਠਾ ਹੋਇਆ ਸੀ । ਪੰਥ ਨੇ ਉਸ ਨਾਲ ਵੱਖਰਿਆਂ 'ਹਿਸਾਬ' ਕਰਨਾ ਹੈ ਜਦੋਂ ਕਿ ਸਿੱਖ ਇਤਿਹਾਸ ਉਸ ਨਾਲ ਬਣਦਾ 'ਨਿਆਂ' ਕਰੇਗਾ।

## ਫਾਂਸੀ ਦਾ ਹੁਕਮ ਖਿੜੇ ਮੱਥੇ ਪ੍ਰਵਾਨ ਹੈ

ਤੁਹਾਡੀ ਫੌਜ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਉਤੇ ਹਮਲਾ ਕਰਕੇ ਇਲਾਹੀ ਸਾਦਗੀ ਵਿੱਚ ਵਿਚਰ ਰਹੀ ਇੱਕ ਸੰਤ-ਸਿਪਾਹੀ ਕੌਮ ਦੇ ਚਿਹਰੇ ਦੀਆਂ ਰੌਣਕਾਂ ਲੁੱਟਣ ਦਾ ਯਤਨ ਕੀਤਾ ਸੀ। ਇਕ ਵਾਰ ਤਾਂ ਸਾਨੂੰ ਵੀ ਇੰਞ ਪਰਤੀਤ ਹੋਇਆ ਜਿਵੇਂ ਸਾਡੀ ਕੌਮ ਘੋਰ ਉਦਾਸੀਆਂ ਵਿੱਚ ਡੁੱਬ ਗਈ ਸੀ। ਪਰ ਅਸਾਂ ਆਪਣਾ ਇਤਿਹਾਸਕ ਫਰਜ਼ ਅਦਾ ਕਰਕੇ ਤੁਹਾਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਸਾਡੇ ਸੁੱਖਾ ਸਿੰਘ, ਮਹਿਤਾਬ ਸਿੰਘ ਅਤੇ ਊਧਮ ਸਿੰਘ ਤੁਹਾਡੇ ਮੀਰ ਮਨੂੰ , ਵਜੀਦੇ , ਲਖਪਤ, ਰਿਬੈਰੋ ਤੇ ਡਾਇਰਾਂ ਦੇ ਕਿਤੇ ਨੇੜੇ ਤੇੜੇ ਪ੍ਰਛਾਵਿਆਂ ਵਾਂਗ ਤੁਰ ਫਿਰ ਰਹੇ ਹਨ। ਖਾਲਸਾ ਦ੍ਰਿਸ਼ਟੀ ਅਨੁਸਾਰ ਅਸਾਂ ਜੋ ਕੁਝ ਵੀ ਕੀਤਾ ਹੈ, ਉਸਦੇ ਇਵਜ਼ ਵਿੱਚ ਅਗੰਮੀ ਬਖ਼ਸ਼ਿਸ਼ ਤੋਂ ਛੇਕੀ ਹੋਈ ਅਤੇ "ਬਿਪਰੇ ਸੰਸਕਾਰ" ਦੀ ਮਾਰ ਹੇਠਾਂ ਆਈ ਤੁਹਾਡੀ ਅਦਾਲਤ ਵਲੋਂ ਸਾਨੂੰ ਦਿੱਤਾ ਗਿਆ ਫਾਂਸੀ ਦਾ ਹੁਕਮ ਖਿੜੇ ਮੱਥੇ ਪ੍ਰਵਾਨ ਹੈ। ਮੌਤ ਦੀ ਤਿੱਖੀ ਧਾਰ ਨੂੰ ਛੂਹ ਕੇ ਅਸੀਂ ਸੰਪੂਰਨ ਹੋਣ ਜਾ ਰਹੇ ਹਾਂ, ਕਿਉਂਕਿ ਸ਼ਹਾਦਤ ਤੋਂ ਬਿਨਾਂ ਜ਼ਿੰਦਗੀ ਦਾ ਸੁਹਾਵਣਾ ਮੇਲਾ ਜੁੜ ਨਹੀਂ ਸਕਦਾ।

## ਬਿਪਰ ਸੰਸਕਾਰ ਤੇ ਗੁਰੂ ਚੇਤਨਾ

ਸੱਚ ਤਾਂ ਇਹ ਹੈ ਕਿ ਹਿੰਦੂ ਧਰਮ ਦਾ ਬ੍ਰਾਹਮਣੀ ਰੂਪ ਅਕਾਲ ਤਖ਼ਤ ਦੀ 'ਗਤਿ ਮਿਤ' ਨੂੰ

ਵਿਵਹਾਰਿਕ ਸੋਚਣੀ ਨਾਲ ਮਿਥਦਾ ਹੈ। ਇਹ ਸੋਚਣੀ ਖਾਲਸਾ ਪੰਥ ਦੀ ਇਸ ਮਹਾਨ ਸੰਸਥਾ ਨੂੰ ਖਰਵੇ ਦੁਨਿਆਵੀ ਧਰਾਤਲ ਉਤੇ ਰੱਖ ਕੇ ਵੇਖਦੀ, ਸਮਝਦੀ ਅਤੇ ਬਿਆਨ ਕਰਦੀ ਹੈ। ਇਸ ਹਾਲਤ ਵਿੱਚ ਪੈਦਾ ਹੋਣ ਵਾਲੀ ਦ੍ਰਿਸ਼ਟੀ ਅੰਦਰ ਅਕਾਲ ਤਖ਼ਤ ਇਕ ਸਾਧਾਰਨ ਇਮਾਰਤ ਜਾਂ ਵੱਧ ਤੋਂ ਵੱਧ ਪੂਜਾ ਦਾ ਸਥਾਨ ਬਣ ਜਾਂਦਾ ਹੈ। ਖਾਲਸਾ ਪੰਥ ਨੂੰ ਇਹ ਸਥਿਤੀ ਪ੍ਰਵਾਨ ਨਹੀਂ ਕਿਉਂਕਿ ਖਾਲਸਾ ਤੇਜ ਦੀ ਪੂਜਾ ਨਹੀਂ ਕਰਦਾ ਸਗੋਂ ਤੇਜ ਨੂੰ ਧਾਰਨ ਕਰਕੇ ਇਤਿਹਾਸ ਵਿੱਚ ਉਤਰਦਾ ਹੈ। ਅਕਾਲ ਤਖ਼ਤ ਦੇ ਸੱਚ ਨੇ ਸਾਨੂੰ ਇਹ ਸਮਝਾਇਆ ਹੈ ਕਿ ਖਾਲਸਾ ਜੀ ਨੇ ਸ਼ਸਤਰ ਧਾਰਨ ਕਰਕੇ ਮੀਰ ਦੀ ਮੀਰੀ ਖੋਹ ਲੈਣੀ ਹੈ ਅਤੇ ਸ਼ਬਦ ਦੀ ਪ੍ਰੀਤ ਕਰਕੇ ਪੀਰ ਦੀ ਪੀਰੀ ਖਿੱਚ ਲੈਣੀ ਹੈ। ਇਸ ਸਿਧਾਂਤ ਨੇ ਮੀਰੀ ਤੇ ਪੀਰੀ ਦੇ ਖੇਤਰ ਵਿੱਚ ਕੇਂਦਰੀਕਰਨ ਦੀਆਂ ਤਾਕਤਾਂ ਨੂੰ ਖਤਮ ਕਰਕੇ 'ਹੰਨੇ ਹੰਨੇ ਪੀਰੀ' ਦੇ ਸਿਧਾਂਤ ਨੂੰ ਸਥਾਪਤ ਕਰਨਾ ਹੈ।

ਪਰ ਬਿਪਰ ਧਾਰਾ ਲਈ ਇਹ ਸਿਧਾਂਤ ਬੇਹੱਦ ਖਤਰਨਾਕ ਸੀ ਕਿਉਂਕਿ ਇਸ ਨਾਲ ਲੋਕ ਜਾਗਰੂਕ ਹੀ ਨਹੀਂ ਸਨ ਹੁੰਦੇ ਸਗੋਂ ਬਿਪਰ ਧਾਰਾ ਦੇ ਕੁਫਰ ਨੂੰ ਤੋੜ ਕੇ ਅਕਾਲ ਤਖ਼ਤ ਦੀ ਛਾਂ ਹੇਠ ਹਥਿਆਰਬੰਦ ਘੋਲ ਲਈ ਸੰਘਰਸ਼ ਲਾਮਬੰਦ ਕਰ ਰਹੇ ਸਨ। ਕੇਂਦਰੀਕਰਣ ਦੇ ਸਵਾਮੀ ਤੁਰੰਤ ਹਰਕਤ ਵਿੱਚ ਆਏ ਅਤੇ ਉਨ੍ਹਾਂ ਨੇ ਮੀਰੀ ਦੇ ਖੇਤਰ ਵਿੱਚ "ਦੇਸ਼ ਦੀ ਏਕਤਾ ਅਤੇ ਅਖੰਡਤਾ" ਨੂੰ ਗੰਭੀਰ ਖਤਰੇ ਦੀ ਦੁਹਾਈ ਅਤੇ ਪੀਰੀ ਦੇ ਖੇਤਰ ਵਿੱਚ "ਦੇਹਧਾਰੀ ਗੁਰੂਆਂ ਦੇ ਬੋਲ ਬਾਲੇ" ਨੂੰ ਉਤਸ਼ਾਹਿਤ ਕੀਤਾ।

ਬਿਪਰ ਸੰਸਕਾਰ ਨੇ ਉਂਜ ਤਾਂ ਗੁਰੂ-ਚੇਤਨਾ ਉਤੇ ਇਸ ਦੇ ਜਨਮ ਤੋਂ ਹੀ ਵਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਪਰ 15 ਅਗਸਤ 1947 ਨੂੰ "ਸੰਸਾਰੀ ਬਾਦਸ਼ਾਹੀ" ਸਾਂਭਣ ਪਿਛੋਂ ਇਸ ਦੇ ਵਾਰ ਵਧੇਰੇ ਘਿਰਣਤ ਸ਼ਕਲ ਅਖਤਿਆਰ ਕਰ ਗਏ।ਤੁਹਾਡੀ ਪਾਰਲੀਮੈਂਟ, ਤੁਹਾਡੀਆਂ ਅਦਾਲਤਾਂ, ਵਿਦਿਅਕ ਸੰਸਥਾਵਾਂ ਅਤੇ ਸੰਚਾਰ ਮਾਧਿਅਮ ਨੇ ਪਿਛਲੇ ਕੁਝ ਦਹਾਕਿਆਂ ਵਿੱਚ ਖਾਲਸਾ ਚੇਤਨਾ ਅੰਦਰ ਆਪਣੀ ਸਰੀਰਕ ਬਹੁਗਿਣਤੀ ਅਤੇ ਸੰਸਾਰੀ ਮਾਲਕੀ ਦਾ ਰੋਅਬ ਜਮਾਉਣ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਹ ਕਹਿਣ ਵਿੱਚ ਝਿਜਕ ਨਹੀਂ ਹੈ ਕਿ ਖਾਲਸਾ ਪੰਥ ਦੀਆਂ ਮਹਾਨ ਸੰਸਥਾਵਾਂ, ਰਵਾਇਤਾਂ ਇਸ ਦੀ ਮੌਲਿਕਤਾ ਅਤੇ ਨਿਆਰੀ ਸੁਤੰਤਰਤਾ ਨੂੰ ਤਬਾਹ ਕਰਨ ਲਈ ਹਰ ਪੱਧਰ ਉਤੇ ਅਤੇ ਵਿਸ਼ੇਸ਼ ਕਰਕੇ ਮਨੋਵਿਗਿਆਨਕ ਪੱਧਰ ਉਤੇ ਸਾਜਿਸ਼ਾਂ ਦੇ ਬਰੀਕ ਸਮਾਨ ਤਿਆਰ ਕੀਤੇ ਗਏ। ਲੱਖਾਂ ਲਸ਼ਕਰ ਭੇਜ ਕੇ ਅਕਾਲ ਤਖ਼ਤ ਦੀ ਪਾਵਨ ਇਮਾਰਤ ਨੂੰ ਨਸ਼ਟ ਕਰਨਾ ਇਸੇ ਹੀ ਸਾਜਿਸ਼ ਦਾ ਇੱਕ ਹਿੱਸਾ ਸੀ। ਬਿਨਾਂ ਸ਼ੱਕ ਇਹ ਸਾਡੀ ਹਸਤੀ ਨੂੰ ਮਿਟਾਉਣ ਦੀ ਇਕ ਸਾਜਿਸ਼ ਸੀ। ਅਜਿਹੀ ਹਾਲਤ ਵਿੱਚ ਸਾਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਇਸ ਸਾਜਿਸ਼ ਵਿੱਚ ਸ਼ਰੀਕ ਅਤੇ ਇਸ ਨੂੰ ਯੋਜਨਾਬਧ ਢਮਗ ਨਾਲ ਸਿਰੇ ਚਾੜਨ ਵਾਲੇ ਫੌਜ ਦੇ ਜਨਰਲ ਵੈਦਿਆ ਦਾ ਖਾਤਮਾ ਕਿੰਨਾ ਵਾਜਿਬ ਸੀ। ਇਹ ਇਤਿਹਾਸਕ ਤੇ ਪਵਿੱਤਰ ਕਾਰਜ ਪੂਰਾ ਕਰਕੇ ਅਸਾਂ ਆਪਣੀ ਜ਼ਮੀਰ 'ਤੇ ਪਿਆ ਬੋਝ ਲਾਹ ਦਿੱਤਾ ਅਤੇ ਗਵਾਹੀ ਦਿੱਤੀ ਹੈ ਕਿ ਖਾਲਸਾ ਪੰਥ ਦਾ ਅਸਲ ਰੂਪ ਬਿਪਰ ਸੰਸਕਾਰ ਤੋਂ ਸਰਬ ਯੁੱਗਾਂ ਵਿੱਚ ਆਜ਼ਾਦ ਹੈ। ਅਸਾਂ ਖਾਲਸਾ ਪੰਥ ਨੂੰ "ਬਿਪਰਨ ਕੀ ਰੀਤ" ਤੋਂ ਖਬਰਦਾਰ ਕਰਕੇ ਦਸ਼ਮੇਸ਼ ਪਿਤਾ ਦੀ ਪ੍ਰਤੀਤ ਹਾਸਲ ਕਰ ਲਈ ਹੈ।

ਜਦੋਂ ਕੌਮਾਂ ਕਰਵਟ ਲੈਂਦੀਆਂ ਹਨ ਤਾਂ ਇਤਿਹਾਸ ਵੀ ਥਰਥਰਾਉਣ ਲੱਗ ਜਾਂਦਾ ਹੈ। ਇਸੇ ਥਰਥਰਾਹਟ ਦੌਰਾਨ ਕੋਈ ਬੰਦਾ ਬਹਾਦਰ ਆਪਣੇ ਸ਼ਾਂਤੀਮੱਠ ਨੂੰ ਅਲਵਿਦਾ ਆਖ ਸਿਤਮਾਂ ਨੂੰ ਨਗਰੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਂਦਾ ਹੈ, ਕੋਈ ਚੇ ਗੁਵੇਰਾ ਕਿਊਬਾ ਦੀ ਵਜ਼ੀਰੀ ਦੀ ਲੱਤ ਮਾਰ ਕੇ ਬੰਦੂਕ ਹਿੱਕ ਨਾਲ ਲਾ ਬੋਲੀਵੀਆ ਦੇ ਜੰਗਲਾਂ ਵਿੱਚ ਦੁਸ਼ਮਣ ਵਿਰੁੱਧ ਮੋਰਚਾਬੰਦੀ ਕਰਦਾ ਹੈ ਅਤੇ ਕੋਈ ਨੈਲਸਨ ਮੰਡੇਲਾ ਨਸਲਵਾਦੀ ਦੁਸ਼ਮਣ ਦੀ ਈਨ ਕਬੂਲਣ ਤੋਂ ਨਾਂਹ ਕਰਕੇ ਆਪਣੀ ਉਮਰ ਕਾਲ ਕੋਠੜੀ ਦੇ ਲੇਖੇ ਲਾਉਣੀ ਵਧੇਰੇ ਬਿਹਤਰ ਸਮਝਦਾ ਹੈ ।

... ਤੇ ਸਾਨੂੰ ਤਾਂ "ਮਰਦ ਅਗੰਮੜੇ" ਦੇ ਵਰਸੋਏ ਪੰਥ ਦੇ ਅਦੁਤੀ ਜਰਨੈਲ ਸੰਤ ਜਰਨੈਲ ਸਿੰਘ ਦੀ ਪਿਆਰ ਭਰੀ ਛੂਹ ਅਤੇ ਸਾਥ ਦਾ ਸਬੱਬ ਹਾਸਲ ਰਿਹਾ ਹੈ। ਅਸੀਂ ਖੰਡੇ ਦੀ ਧਾਰ ਉਤੇ ਤੁਰਨ ਵਾਲੇ ਸਿੱਖ ਕੌਮ ਦੇ ਅਨਮੋਲ ਤੇ ਅਣਗਿਣਤ ਹੀਰਿਆਂ ਦੇ ਪੈਰਾਂ ਦੀ ਧੂੜ ਦਾ ਇੱਕ ਕਿਣਕਾ ਮਾਤਰ ਹਾਂ। ਕੌਮ ਦੇ ਲੇਖੇ ਜਿੰਦ ਲਾਉਣ ਦਾ ਸੁਭਾਗ ਵਿਰਲਿਆ ਵਿੱਚੋਂ ਕਿਸੇ ਵਿਰਲੇ ਨੂੰ ਨਸੀਬ ਹੁੰਦਾ ਹੈ।

ਸਾਡੇ ਉਤੇ ਇਹ ਦੋਸ਼ ਲਾਉਣਾ ਕਿਸੇ ਵੀ ਤਰ੍ਹਾਂ ਵਾਜ਼ਬ ਨਹੀਂ ਹੋਏਗਾ ਕਿ ਅਸੀਂ ਇੱਕ ਨਿਹੱਥੇ ਵਿਅਕਤੀ ਉਤੇ ਹਮਲਾ ਕਰਕੇ ਸੂਰਮਗਤੀ ਦਾ ਕੰਮ ਨਹੀਂ ਕੀਤਾ। ਅਸੀਂ ਇਹ ਯਾਦ ਕਰਵਾਉਣਾ ਚਾਹੁੰਦੇ ਹਾਂ ਕਿ ਤੁਸੀਂ ਆਪਣੇ ਬੇਪਨਾਹ ਵਸੀਲਿਆਂ ਦੀ ਨਜਾਇਜ਼ ਵਰਤੋਂ ਕਰਕੇ ਸਾਨੂੰ ਹਰ ਖੇਤਰ ਵਿੱਚ ਜ਼ਲੀਲ ਕਰਨ ਦਾ ਯਤਨ ਕੀਤਾ ਹੈ। ਅਸੀਂ ਤਾਂ ਹਰ ਖੇਤਰ ਵਿੱਚ ਨਿਹੱਥੇ ਕਰ ਦਿੱਤੇ ਗਏ ਹਾਂ। ਤੁਸੀਂ ਆਪਣੀ ਅੰਨ੍ਹੀ ਫੌਜੀ ਸ਼ਕਤੀ ਅਤੇ ਆਧੁਨਿਕ ਜ਼ਮਾਨੇ ਦੇ ਵਧੀਆਂ ਤੋਂ ਵਧੀਆ ਹਥਿਆਰਾਂ ਨਾਲ ਲੈਸ ਹੋ। ਇਸ ਲਈ ਅਸੀਂ ਖੁੱਲ੍ਹੇ ਮੈਦਾਨ ਦੇ ਵਿੱਚ ਲੜਨ ਦੇ ਯੋਗ ਨਹੀਂ ਰਹਿਣ ਦਿੱਤੇ ਗਏ। ਮੌਜੂਦਾ ਹਾਲਤ ਵਿੱਚ ਸਾਡੇ ਕੋਲ ਇਸ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਰਹਿ ਗਿਆ ਕਿ ਅਸੀਂ ਜ਼ਾਲਮਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਵਾਉਣ ਲਈ ਇਹੋ ਜਿਹੇ ਢੰਗ ਤਰੀਕੇ ਅਖ਼ਤਿਆਰ ਕਰੀਏ ਜਿਨ੍ਹਾਂ ਵਿਚੋਂ ਇੱਕ ਜਨਰਲ ਵੈਦਿਆ ਉਤੇ ਲਾਗੂ ਕੀਤਾ ਗਿਆ ਹੈ।

ਜਦੋਂ ਤੁਸੀਂ ਸਾਡੀ ਕੌਮ ਵਿਰੁੱਧ ਇੱਕ ਅਣਐਲਾਨੀ ਜੰਗ ਹੀ ਛੇੜ ਰੱਖੀ ਹੋਵੇ ਤਾਂ ਇਸ ਹਾਲਤ ਵਿੱਚ ਲੁਕ ਛਿਪ ਕੇ ਝਪਟਣਾ ਸਾਡਾ ਸ਼ੌਕ ਨਹੀਂ ਸਗੋਂ ਇਤਿਹਾਸਕ ਮਜਬੂਰੀ ਹੈ। ਤੁਹਾਨੂੰ ਇਤਿਹਾਸ ਦੀ ਇਹ ਹਕੀਕਤ ਭੁੱਲਣੀ ਨਹੀਂ ਚਾਹੀਦੀ ਕਿ 18ਵੀਂ ਸਦੀ ਵਿੱਚ ਜਦੋਂ ਅਬਦਾਲੀ ਤੇ ਨਾਦਰਸ਼ਾਹ ਵਰਗੇ ਧਾੜਵੀ ਤੁਹਾਡੀਆਂ ਬਹੂ ਬੇਟੀਆਂ ਨੂੰ ਪਸ਼ੂਆਂ ਵਾਂਗ ਨੂੜ ਕੇ ਕਾਬਲ ਵੱਲ ਲਿਜਾ ਰਹੇ ਹੁੰਦੇ ਸਨ ਤਾਂ ਸਾਡੇ ਸਿਦਕੀ ਸਿੰਘ ਉਨ੍ਹਾਂ ਨੂੰ ਮੁਕਤ ਕਰਾਉਣ ਲਈ ਜੰਗਲ, ਬੇਲਿਆਂ ਅਤੇ ਰਕੜਾਂ ਵਿੱਚੋਂ ਨਿਕਲਕੇ ਦੁਸ਼ਮਣ ਉਤੇ ਐਸੇ ਕਰਾਰੇ ਵਾਰ ਕਰਦੇ ਕਿ ਦੁਸ਼ਮਣ ਸਾਡੇ ਹੌਸਲੇ ਤੋਂ ਭੈਅ ਭੀਤ ਤੇ ਹੈਰਾਨ ਹੋ ਜਾਂਦਾ। ਸਾਡਾ ਮਾਨਵਵਾਦ ਤਾਂ ਏਨਾ ਵਿਸ਼ਾਲ ਹੈ ਕਿ ਸਾਡੇ ਕਲਾਵਿਆਂ ਵਿੱਚ ਸਮੁੱਚੀ ਧੜਕਦੀ ਜ਼ਿੰਦਗੀ ਹੀ ਸਮਾ ਸਕਦੀ ਹੈ।

## ਖਾਲਸਈ ਸਮਸ਼ੀਰਾਂ ਦੇ ਜੌਹਰ

ਉਂਝ ਪਿਛਲੇ ਦਹਾਕੇ ਵਿੱਚ ਸਾਡੇ ਸਿੰਘਾਂ ਤੇ ਤੁਹਾਡੇ ਲਸ਼ਕਰਾਂ ਵਿੱਚ 'ਅਸਲ ਮੁਕਾਬਲੇ' ਬਹੁਤ ਘੱਟ ਹੋਏ ਹਨ। ਪਰ ਜਿੱਥੇ ਕਿਤੇ ਹੋਏ ਹਨ, ਉਥੇ ਸਾਡੀ ਸੂਰਮਗਤੀ ਤੇ ਜਾਹੋ-ਜਲਾਲ ਤੁਹਾਡੀਆਂ ਖੁਫੀਆਂ ਫਾਈਲਾਂ ਵਿੱਚ ਸਾਂਭਿਆ ਪਿਆ ਹੋਵੇਗਾ ਅਤੇ ਜਿਸ ਦਾ ਅੱਧ ਪਚੱਧਾ ਸੱਚ ਕਦੇ ਕਦਾਈਂ ਤੁਹਾਡੀਆਂ ਆਪਣੀਆਂ ਅਖਬਾਰਾਂ ਵਿੱਚ ਵੀ ਆਉਂਦਾ ਰਹਿੰਦਾ ਹੈ। ਸਾਡਾ ਖਾਲਸਈ ਜੋਸ਼ ਸਾਡੇ ਰੂਹਾਨੀ ਤਜਰਬੇ ਦਾ ਇੱਕ ਅੰਗ ਹੈ। ਅਜਿਹੇ ਸਮੇਂ ਰੂਹਾਨੀਅਤ ਸਾਡੀਆਂ ਸ਼ਮਸ਼ੀਰਾਂ ਦੀ ਚਮਕ ਵਿੱਚ ਹੁੰਦੀ ਹੈ।

ਬ੍ਰਾਹਮਣਵਾਦ ਦੇ ਪ੍ਰਤੀਨਿਧ ਹੇ 'ਰਾਸ਼ਟਰਪਤੀ' ! ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ (1764 ਈਸਵੀ) ਸਮੇਂ ਸਿੰਘਾਂ ਦੀ ਸੂਰਮਗਤੀ ਦੇ ਚਸ਼ਮਦੀਦ ਗਵਾਹ ਕਾਜ਼ੀ ਨੂਰ ਮੁਹੰਮਦ ਦੀ ਇਹ ਗਵਾਹੀ ਸੁਣ ! .... "ਇਉਂ ਸਮਝ ਕਿ ਬੰਦੂਕ ਕਿਸੇ ਪਿਛਲੇ ਸਮੇਂ ਵਿੱਚ ਇਨ੍ਹਾਂ ਸਿੰਘਾਂ ਨੇ ਹੀ ਬਣਾਈ ਹੋਵੇਗੀ, ਲੁਕਮਾਨ ਨੇ ਨਹੀਂ ਬਣਾਈ ਹੋਣੀ। ਭਾਵੇਂ ਬੰਦੂਕਾਂ ਤਾਂ ਹਰ ਕਿਸੇ ਪਾਸ ਬਥੇਰੀਆਂ ਹਨ ਪਰ ਸਿੰਘਾਂ ਨਾਲੋਂ ਵਧਕੇ ਇਨ੍ਹਾਂ ਬੰਦੂਕਾਂ ਨੂੰ ਜਾਨਣ ਵਾਲਾ ਸੰਸਾਰ ਵਿੱਚ ਕੋਈ ਨਹੀਂ ਹੈ.......ਮੇਰੀ ਗਲ ਦੇ ਗਵਾਹ 30 ਹਜ਼ਾਰ ਉਹ ਸੂਰਮੇ ਹਨ ਜਿਹੜੇ ਲੜਾਈ ਵਿੱਚ ਇਨ੍ਹਾਂ ਨਾਲ ਲੜ ਚੁੱਕੇ ਹਨ।"ਲ

## ਅਸਾਂ ਨਿਹੱਥੇ 'ਤੇ ਵਾਰ ਨਹੀਂ ਕੀਤਾ

ਫਿਰ ਵੀ ਵੈਦਿਆ ਉਤੇ ਜਦੋਂ ਅਸਾਂ ਹਮਲਾ ਕੀਤਾ ਉਸ ਸਮੇਂ ਅੰਗ ਰਖਿਅਕ ਉਸ ਦੇ ਨਾਲ ਸੀ ਅਤੇ ਉਹ ਖੁਦ ਵੀ ਹਥਿਆਰਾ ਨਾਲ ਲੈਸ ਸੀ। ਵੈਦਿਆ ਉਤੇ ਹਮਲਾ ਸਾਡੀ ਉਸੇ ਰਣਨੀਤੀ ਦਾ ਹਿੱਸਾ ਸੀ ਜੋ ਕਦੇ ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਲਾਗੂ ਕੀਤੀ ਸੀ ਅਤੇ ਅੱਜ ਵੀ ਦੁਨੀਆਂ ਭਰ ਦੇ ਇਨਕਲਾਬੀ ਇਸ ਦੀ ਵਰਤੋਂ ਨੂੰ ਜਾਇਜ਼ ਠਹਿਰਾਉਂਦੇ ਹਨ।

ਅਸੀਂ ਤੁਹਾਡੇ ਰਾਹੀਂ ਇਹ ਪੈਗਾਮ ਵੀ ਦੇਣਾ ਚਾਹੁੰਦੇ ਹਾਂ ਕਿ ਸਾਡਾ ਹਿੰਦੁਸਤਾਨ ਦੇ ਮਹਾਨ ਲੋਕਾਂ, ਇਸ ਦੀ ਧਰਤੀ ਨਾਲ ਕੋਈ ਵੈਰ ਵਿਰੋਧ ਜਾਂ ਦੁਸ਼ਮਣੀ ਨਹੀਂ। ਉਨ੍ਹਾਂ ਪ੍ਰਤੀ ਨਫਰਤ ਦੀ ਭਾਵਨਾ ਦੇ ਅਸੀਂ ਨੇੜੇ-ਤੇੜੇ ਵੀ ਨਹੀਂ ਹਾਂ। ਅਸੀਂ ਤਾਂ ਧਰਤ-ਅਸਮਾਨ ਨੂੰ ਆਪਣੀ ਗਲਵਕੜੀ ਵਿੱਚ ਲੈਣ ਲਈ ਬਿਹਬਲ ਹਾਂ ਅਤੇ ਸਮੁੱਚੇ ਬ੍ਰਹਮੰਡ ਤੇ ਇਸ ਵਿੱਚ ਵਸਦੀ ਰੱਸਦੀ ਜ਼ਿੰਦਗੀ ਦੀ ਆਰਤੀ ਉਤਾਰਦੇ ਹਾਂ।

## ਮਜਲੂਮ ਤੇ ਖਾਲਸਾ

ਹਿੰਦੁਸਤਾਨ ਵਿੱਚ ਦੱਬੇ ਕੁਚਲੇ ਲੋਕਾਂ, ਸਦੀਆਂ ਤੋਂ ਬ੍ਰਾਹਮਣਵਾਦ ਦੀ ਚੱਕੀ ਵਿੱਚ ਪਿਸ ਰਹੇ ਕਰੋੜਾਂ ਦਲਿਤ ਭਰਾਵਾਂ, ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨ ਵਾਲੇ ਕਿਰਤੀਆਂ, ਮੁਸਲਮਾਨਾਂ ਤੇ ਹੋਰ ਸਭ ਘੱਟ ਗਿਣਤੀਆਂ, ਨਿਊਟਿਆਂ ਅਤੇ ਨਿਆਸਰਿਆਂ ਨਾਲ ਸਾਡੀਆਂ ਅੰਤਾਂ ਦੀਆਂ ਪਿਆਰ ਭਰੀਆਂ 'ਖਾਲਸਈ ਸਾਂਝਾਂ' ਹਨ। ਉਹ ਸਾਡੇ ਹੀ ਹੱਡ ਮਾਸ ਤੇ ਸਾਡੇ ਹੀ ਲਹੂ ਦਾ ਹਿੱਸਾ ਹਨ। ਨੀਲੇ ਘੋੜੇ ਦੇ ਸਾਡੇ ਸ਼ਾਹ ਸਵਾਰ ਨੇ ਤਾਂ ਉਨ੍ਹਾਂ ਨੂੰ ਚਿਰੋਕਣਾ ਹੀ ਪਛਾਣ ਲਿਆ ਸੀ, ਜਿੰਨਾ ਨੂੰ ਘਮੰਡੀ ਬ੍ਰਾਹਮਣ ਨੀਚ, ਚੂਹੜੇ, ਚੁਮਿਆਰ, ਕੰਮੀ-ਕਮੀਨ ਅਤੇ ਪਤਾ ਨਹੀਂ ਹੋਰ ਕਿੰਨੇ ਗਲੀਚ ਸ਼ਬਦਾਂ ਨਾਲ ਆਵਾਜ ਮਾਰਦਾ ਸੀ। ਉਹ ਸਾਰੇ ਸਾਡੇ ਦਸ਼ਮੇਸ਼ ਪਿਤਾ ਦੇ ਨਾਦੀ ਪੁੱਤਰ ਬਣੇ। ਖਾਲਸੇ ਦੀਆਂ ਫੌਜਾਂ ਵਿੱਚ ਉਹ ਜਰਨੈਲ ਬਣੇ ਅਤੇ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ।

ਅਸੀਂ ਸੁਪਨਿਆਂ ਦੀ ਦੁਨੀਆਂ ਵਿੱਚ ਉਡਾਰੀਆਂ ਨਹੀਂ ਮਾਰ ਰਹੇ ਸਗੋਂ ਤਵਾਰੀਖ ਵਿੱਚ ਖਲੋ ਕੇ ਇਹ ਐਲਾਨ ਕਰ ਰਹੇ ਹਾਂ ਕਿ ਸਾਡੇ ਗੁਰੂਆਂ ਨੇ ਦਲਿਤ ਭਾਈਚਾਰੇ ਨਾਲ ਸਬੰਧਿਤ ਲੋਕਾਂ ਦੇ ਇਸ਼ਕ ਨਾਲ ਰੱਤੀਆਂ ਮਹਾਨ ਰੱਬੀ ਰੂਹਾਂ ਦੀ ਬਾਣੀ ਨੂੰ ਪਿਆਰ ਕੀਤਾ, ਪਲਕਾਂ ਉਤੇ ਬਿਠਾਇਆ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਵਿੱਚ ਆਪਣੀ ਬਾਣੀ ਦੇ ਬਰਾਬਰ ਦਰਜਾ ਦੇ ਕੇ ਨਿਵਾਜਿਆ। ਦਲਿਤਾਂ ਦੀ ਰੂਹ ਅਤੇ ਉਨ੍ਹਾਂ ਦੀ ਅੰਤਰੀਵ ਪੀੜ ਸਾਡੇ ਹੀ ਕਿਸੇ ਦਰਦ ਦਾ ਹਿੱਸਾ ਹੈ। ਅਸੀਂ ਤਾਂ ਉਨ੍ਹਾਂ ਦੀ ਹੋਂਦ ਦੇ ਨਿਘ ਨੂੰ ਮਾਣ ਰਹੇ ਹਾਂ। ਪਰ ਬ੍ਰਾਹਮਣ ਦੇ ਕੁਫਰ ਦਾ ਜਾਲ ਏਨਾ ਵੱਡਾ ਹੈ ਕਿ ਅਜੇ ਸਾਡੇ ਇਨਾਂ ਭਰਾਵਾਂ ਨੂੰ ਸਾਡੀ ਲੜਾਈ ਦੀ ਪੂਰੀ ਸਮਝ ਨਹੀਂ ਲੱਗ ਰਹੀ। ਜਦੋਂ ਉਹ ਖਾਲਸੇ ਦੀ ਗਲਵੱਕੜੀ ਵਿੱਚ ਆ ਜਾਣਗੇ ਤਾਂ ਸੰਸਾਰੀ ਬਾਦਸ਼ਾਹੀਆਂ ਦੇ ਮਹਾਨ ਰੁਤਬੇ ਇਕ ਵਾਰ ਮੁੜ ਉਨ੍ਹਾਂ ਅੱਗੇ ਸਜਦਾ ਕਰਨਗੇ। ਸਾਨੂੰ ਉਸ ਸਮੇਂ ਦੀ ਉਸ ਸੁਲੱਖਣੀ ਘੜੀ ਦੀ ਉਡੀਕ ਹੈ।

ਇਹੋ ਹੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਅੱਗੇ ਅਸੀਂ ਸਰਬੱਤ ਦੇ ਭਲੇ ਦੀ ਦੁਆ ਮੰਗਦੇ ਹਾਂ। ਜਦੋਂ ਸਾਨੂੰ ਇਸ ਪਾਕਿ ਗ੍ਰੰਥ ਤੋਂ ਆਤਮ ਵਿਸਵਾਸ਼ ਮਿਲਦਾ ਹੈ ਤਾਂ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਮੱਸੇ ਰੰਗੜ ਦਾ ਸਿਰ ਵੱਢ ਲਿਆਉਂਦੇ ਹਨ। ਇਥੋਂ ਹੀ ਪਰੇਰਨਾ ਲੈ ਕੇ ਅਸੀਂ ਤੁਹਾਡੇ ਕੂੜ ਕੁਸੱਤ ਦੇ ਸਾਹਮਣੇ ਮਾਸੂਮੀਅਤ ਨਾਲ ਹਿੱਕ ਡਾਹ ਕੇ ਖੜੇ ਹਾਂ ਅਤੇ ਅਖੀਰਲੇ ਸਵਾਸ ਤੱਕ ਇਕ ਸੁਤੰਤਰ ਤੇ ਖੁਦਮੁਖਤਾਰ ਮੁਲਕ 'ਖਾਲਿਸਤਾਨ' ਲਈ ਲੜਨ ਤੇ ਜੂਝਣ ਦਾ ਪ੍ਰਣ ਕਰਦੇ ਹਾਂ। ਤੁਸੀਂ ਬਦੀ ਦੇ ਪ੍ਰਤੀਕ ਬਣ ਗਏ ਹੋ ਅਤੇ ਤੁਹਾਡੇ ਪੈਰੋਕਾਰਾਂ ਵਲੋਂ ਜਿਹੜੇ ਵੀ ਤਸੀਹੇ ਦਿੱਤੇ ਜਾ ਰਹੇ ਹਨ, ਉਹ ਖਿੜੇ ਮੱਥੇ ਝੱਲ ਰਹੇ ਹਾਂ।

ਸਾਡੇ ਬੇਅੰਤ ਤੇ ਸਤਵੰਤ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਇਕ ਝਲਕ ਨੇ ਕਿਸੇ ਮਹਾਨ ਕਾਰਨਾਮੇ ਲਈ ਤੋਰਿਆ ਸੀ ਅਤੇ ਫਿਰ ਉਸੇ ਅਗੰਮੀ ਪ੍ਰਕਾਸ਼ ਦੀ ਇਕ ਕਿਰਨ ਸਾਨੂੰ ਵੀ ਨਸੀਬ ਹੋਈ ਸੀ ਕਿ ਅਸਾਂ ਜਨਰਲ ਵੈਦਿਆ ਨੂੰ ਜਾ ਪੂਨੇ ਢਾਹਿਆ।

## ਅਸੀਂ ਰਹਿਮ ਦੀ ਖੈਰ ਨਹੀਂ ਮੰਗਦੇ

ਸਾਡੇ ਇਸ ਪੱਤਰ ਨੂੰ ਭੁਲਕੇ ਵੀ ਕਿਤੇ ਅਪੀਲ ਨਾ ਸਮਝ ਲੈਣਾ। ਅਸੀਂ ਜਨਰਲ ਵੈਦਿਆ ਨੂੰ ਮਾਰਨ ਪਿਛੋਂ ਆਪਣੇ ਕੀਤੇ ਉਤੇ ਅਫਸੋਸ ਜ਼ਾਹਰ ਕਰਕੇ ਤੁਹਾਡੇ ਕੋਲ ਰਹਿਮ ਦੀ ਖੈਰ ਨਹੀਂ ਮੰਗ ਰਹੇ। ਸਾਨੂੰ ਰਤਾ ਵੀ ਪਛਤਾਵਾ ਨਹੀਂ, ਸਗੋਂ ਸੀਨਾ ਤਾਣ ਕੇ ਵਡਿਆਈ ਦਾ ਸਬੂਤ ਦੇ ਰਹੇ ਹਾਂ। ਅਸੀਂ ਇਹ ਇਤਿਹਾਸਕ ਕਾਰਨਾਮਾ ਕਰਕੇ ਬੁਲਬੁਲ ਦੇ ਗੀਤ ਵਾਂਗ ਹੌਲੇ ਫੁੱਲ ਹਾਂ 'ਤੇ ਸਾਡੇ ਚਿਹਰਿਆਂ 'ਤੇ ਕਿਸੇ ਸੱਜਰੀ ਸਵੇਰ ਵਾਂਗ ਤਾਜ਼ਗੀ ਅਤੇ ਚਮਕ ਹੈ।

ਅਸੀਂ ਉਸ ਸਿਘਾਸਨ ਉਤੇ ਬਿਰਾਜਮਾਨ ਹਾਂ ਜਿਥੇ ਸਾਨੂੰ ਜ਼ਿੰਦਗੀ ਦੀਆਂ ਅਸੀਮ ਸੰਭਾਵਨਾਵਾਂ ਦਾ ਦੀਦਾਰ ਕਰਨ ਦਾ ਇਕ ਸੁਭਾਗ ਮੌਕਾ ਮਿਲਿਆ ਹੈ। ਸਾਨੂੰ ਸ਼ਹਾਦਤ ਦੇ ਹੁਸੀਨ ਤੇ ਗੁੱਝੇ ਭਟਤ ਪਤਾ ਲੱਗ ਰਹੇ ਹਨ। ਸਾਡੇ ਗੁਰੂ ਤਾਂ ਸਾਡੇ ਪਹਿਲਾਂ ਹੀ ਅੰਗ ਸੰਗ ਹਨ, ਸਗੋਂ ਅਸੀਂ ਦੁਨੀਆਂ ਭਰ ਦੇ ਸ਼ਹੀਦਾਂ ਨੂੰ ਆਪਣੇ ਕੋਲ ਕੋਲ ਖਲੋਤਾ ਮਹਿਸੂਸ ਕਰ ਰਹੇ ਹਾਂ। ਇਹ ਰੂਹਾਂ ਸਾਡੀਆਂ ਭੌਂਦੀਆਂ ਅੱਖਾਂ ਦੀ ਜੋਤ ਦੀ ਬੋਲੀ ਨੂੰ ਪੜ੍ਹ ਅਤੇ ਸਮਝ ਰਹੀਆਂ ਹਨ। ਮਹਾਨ ਐਮਰਸਨ ਨੇ ਕਿੰਨਾ ਪਿਆਰਾ ਲਿਖਿਆ ਹੈ ਕਿ "ਮਨੁੱਖ ਦੀ ਨੇਕੀ ਨੂੰ ਹਰ ਸਮੇਂ ਆਪਣੇ ਸ਼ਹੀਦਾਂ ਤੇ ਸੂਰਬੀਰਾਂ ਦੀ ਲੋੜ ਹੁੰਦੀ ਹੈ। ਇਸੇ ਲਈ ਤਸੀਹਿਆਂ ਦਾ ਮੁਕੱਦਮਾ ਹਰ ਵੇਲੇ ਚਲਦਾ ਰਹਿੰਦਾ ਹੈ।" ਸਾਡੀ ਸ਼ਹਾਦਤ ਵਿੱਚ ਸੁਕਰਾਤ ਵਰਗੀ ਚੁੱਪ ਹੈ ਤੇ ਮਨਸੂਰ ਵਰਗਾ ਇਲਾਹੀ ਜਨੂੰਨ। ਅਸੀਂ ਉਸ ਮੁਕਾਮ ਉਤੇ ਹਾਂ ਜਿਥੇ ਸਮਾਂ ਤੇ ਸਥਾਨ ਆਪਣੀ ਲਕੀਰ ਖਿੱਚਣ ਦੇ ਅਸਮਰਥ ਹੈ। ਅਸੀਂ ਇਤਿਹਾਸ, ਧਰਮ, ਫਲਸਫੇ, ਗੂੜੇ ਇਲਮਾਂ, ਤੱਥਾਂ ਤੇ ਵਸਤੂਆਂ ਨੂੰ ਨਿਰਮਲ ਸਰੂਪ ਵਿੱਚ ਦੇਖ ਰਹੇ ਹਾਂ।

ਜਦੋਂ ਅਸੀਂ ਅਸਮਾਨਾਂ ਦੇ ਭੇਤ ਦਸਦੇ ਹੋਏ ਸੰਸਾਰ ਦੇ ਰੌਲੇ ਰੱਪੇ ਤੋਂ ਬਾਹਰ ਦੂਰ ਜਾ ਚੁਕੇ ਹੋਵਾਂਗੇ, ਉਦੋਂ ਵੀ ਅਸੀਂ ਆਪਣੀ ਕੌਮ ਦੇ ਨੇੜੇ ਹੋਵਾਂਗੇ, ਉਨ੍ਹਾਂ ਦੀਆਂ ਸ਼ਾਹਰਗ ਤੋਂ ਵੀ ਨੇੜੇ, ਕਿਉਂਕਿ ਸਾਡੀਆਂ ਉਮੀਦਾਂ ਨੇ ਅਜੇ ਦਮ ਨਹੀਂ ਤੋੜਿਆ, ਕਿਉਂਕਿ ਅਸੀਂ ਮਨੁੱਖੀ ਡੂੰਘਾਣਾ ਵਿਚਲੀ ਇਕ ਅਜਿਹੀ ਅਮਰਜੋਤ ਹਾਂ ਜੋ ਖਾਲਸੇ ਦੇ ਦਿਲਾਂ ਵਿੱਚ ਜਗਮਗ ਜਗਮਗ ਕਰਦੀ ਰਹੇਗੀ।

## ਰੱਬ ਦੀ ਮਿਹਰ ਹੀ ਸਾਡਾ ਗਰੂਰ ਹੈ

ਤੁਹਾਨੂੰ ਆਪਣੀ ਦੁਨਿਆਵੀ ਬਾਦਸ਼ਾਹੀ, ਸਰੀਰਕ ਬਹੁਗਿਣਤੀ, ਨਵੀਨ ਤੋਂ ਨਵੀਨ ਕਿਸਮ ਦੇ ਅਤੀ ਆਧੁਨਿਕ ਹਥਿਆਰਾਂ ਨਾਲ ਲੈਸ ਲੱਖਾਂ ਲਾਹੌ, ਲਸ਼ਕਰਾਂ ਬੇਮਿਸਾਲ ਵਸੀਲਿਆਂ, ਛੋਟੇ ਮੁਲਕਾਂ ਅਤੇ ਕੌਮਾਂ ਉਤੇ ਧੌਂਸ ਜਮਾ ਕੇ ਉਨ੍ਹਾਂ ਨੂੰ ਆਪਣੀ ਲੱਤ ਹੇਠ ਰੱਖਣ ਵਾਲੀ ਦਾਦਾਗਿਰੀ ਉਤੇ ਕੋਈ ਵਿਸ਼ੇਸ਼ ਹੀ ਗਰੂਰ ਹੈ। ਪਰ ਜਰਾ ਸਾਡੇ ਵੱਲ ਦੇਖੋ। ਰੱਬ ਦੀ ਮਿਹਰ ਹੀ ਸਾਡਾ ਗਰੂਰ ਹੈ। ਸਾਡੇ ਕੋਲ ਨਿਰਭਉ ਤੇ ਨਿਰਵੈਰ ਦਾ ਸੋਹਿਲਾ ਗਾਉਣ ਵਾਲੇ ਖਾਲਸਾ ਪੰਥ ਦੀਆਂ ਅਸੀਸਤੀਆਂ ਦਾ ਅਮੁਕ ਖਜਾਨਾ ਹੈ। ਤੁਹਾਨੂੰ ਇਤਿਹਾਸ ਵਿੱਚ ਖਲਾਰ ਕੇ ਦਸਮ ਪਾਤਸ਼ਾਹ ਦੀ ਇਹ ਚਿਤਾਵਨੀ ਮੁੜ ਦੁਹਰਾਉਣਾ ਚਾਹੁੰਦਾ ਹਾਂ:

ਫੀਂ ਗਰਦਿਸ਼ਿ ਬੇਵਫਾਏ ਜ਼ਮਾਂ ।
ਕਿ ਬਰ ਹਰ ਬਗੁਜ਼ਰਦ ਮਕੀਨੋ ਮਕਾਂ ।

ਅਰਥਾਤ ਕਿ ਜਮਾਨੇ ਦੀ ਬੇਵਫਾ ਗਰਦਿਸ਼ ਨੂੰ ਦੇਖ। ਇਸ ਨੇ ਦੁਨੀਆਂ ਦੀ ਹਰ ਚੀਜ ਨੂੰ ਆਪਣੀ ਲਪੇਟ ਵਿੱਚ ਲੈ ਲੈਣਾ ਹੈ।

ਪਰ ਤੁਸੀਂ ਬੇਵਫਾ ਗਰਦਿਸ਼ ਦੀ ਅਸਲੀਅਤ ਨੂੰ ਸਮਝਣ ਲਈ ਉਕਾ ਹੀ ਤਿਆਰ ਨਹੀਂ। ਹਉਮੈ ਤੇ ਸੰਸਾਰੀ ਸਵਾਰਥਾਂ ਨੇ ਤੁਹਾਨੂੰ ਗ੍ਰਸ ਲਿਆ ਹੈ। ਵਕਤੀ ਤੇ ਆਰਜੀ ਕਾਮਯਾਬੀਆਂ ਨਾਲ ਤੁਹਾਡਾ ਸੰਤੁਲਨ ਟੁੱਟਣ ਲਗਦਾ ਹੈ ਅਤੇ ਤੁਹਾਡੇ ਉਤੇ ਅਭਿਮਾਨ ਦਾ ਨਸ਼ਾ ਹਾਵੀ ਹੋ ਜਾਂਦਾ ਹੈ। ਕੁਦਰਤ ਦੇ ਵੰਨ ਸਵੰਨੇ ਰੰਗ ਤੱਕਣ ਦੀ ਸਮਰੱਥਾ ਤੇ ਅਗੰਮੀ ਦ੍ਰਿਸ਼ਟੀ, ਸਦਾਚਾਰ, ਨਿਆਂ, ਅਕਲ ਦੀਆਂ ਖੂਬੀਆਂ ਤੇ ਦਰਿਆਦਿਲੀ ਵਰਗੀਆਂ ਮਹਾਨ ਬਰਕਤਾਂ ਤੋਂ ਤੁਸੀਂ ਮਹਿਰੂਮ ਹੋ ਗਏ ਹੋ।

## ਤੁਸੀਂ ਆਤਮਕ ਤੌਰ 'ਤੇ ਕੰਗਾਲ ਹੋ

ਦੁਨਿਆਵੀ ਸਵਾਰਥਾਂ ਨੇ ਤੁਹਾਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਤੁਹਾਡੀ ਜ਼ਮੀਰ ਗੁਨਾਹਾਂ ਦੇ ਭਾਰ ਨਾਲ ਲੱਦ ਗਈ ਹੈ, ਪਰ ਤੁਸੀਂ ਪਛਤਾਵਾ ਜਾਂ ਤੌਬਾ ਕਰਨ ਦੇ ਨੇੜੇ ਤੇੜੇ ਵੀ ਨਹੀਂ ਗਏ। ਕਿਉਂਕਿ ਤੁਸੀਂ ਰੱਬੀ ਬਖਸ਼ਿਸ਼ ਦੇ ਮਹਾਨ ਵੇਗ ਤੋਂ ਲਾਂਭੇ ਹੋ ਗਏ ਹੋ, ਇਸ ਲਈ ਖਾਲਸਾ ਤੁਹਾਡੀ ਸੰਸਾਰੀ ਬਾਦਸ਼ਾਹੀ ਨੂੰ ਰੱਦ ਕਰਦਾ ਹੈ। ਤੁਸੀਂ ਸੰਸਾਰੀ ਬਾਦਸ਼ਾਹੀ ਦੇ ਤੋਹਫੇ ਨੂੰ ਸਾਂਭਣ ਦੇ ਕਾਬਲ ਹੀ ਨਹੀਂ ਹੋ। ਤੁਸੀਂ ਦਿਸਦੀਆਂ ਅਤੇ ਛੂਹੀਆਂ ਜਾ ਸਕਣ ਵਾਲੀਆਂ ਬਿਨਸਨਹਾਰ ਚੀਜਾਂ ਨੂੰ ਇਸ ਕਦਰ ਮੁਹੱਬਤ ਕਰਦੇ ਹੋ ਕਿ ਇਹ ਤੁਹਾਡੀ ਮੰਜ਼ਿਲ ਬਣ ਗਈਆਂ ਹਨ। ਤੁਹਾਡੀ ਦਰਵੇਸ਼ੀ ਦੀ ਹਰ ਕਿਸਮ ਆਪਣੀ ਚਮਕ ਖੋ ਬੈਠੀ ਹੈ। ਦਿਲ ਨੂੰ ਘਾਇਲ ਕਰਨ ਵਾਲੇ ਤੁਸਾਂ ਬਹੁਤ ਮਾੜੇ ਕੰਮ ਕੀਤੇ ਹਨ। ਇਸ ਲਈ ਸਾਨੂੰ ਇਹ ਐਲਾਨ ਕਰਨਾ ਪੈ ਰਿਹਾ ਹੈ ਕਿ ਖਾਲਸਾ ਦੀ ਫਕੀਰੀ ਨਾਲ ਤੁਹਾਡਾ ਅਨੁਭਵ ਮੇਲ ਨਹੀਂ ਖਾਂਦਾ। ਅਸਾਂ ਤੁਹਾਡੀ ਸ਼ਹਿਨਸ਼ਾਹਤ ਨੂੰ ਹੋਰ ਨਹੀਂ ਪਰਖਣਾ। ਇਸ ਉਤੇ ਆਤਮਿਕ ਗਰੀਬੀ ਦੇ ਘੋਰ

ਸੰਘਣੇ ਬੱਦਲ ਛਾ ਗਏ ਹਨ।

## ਜਰਾ ਆਪਣਾ ਖੂਨੀ ਚਿਹਰਾ ਦੇਖੋ

ਅਸੀਂ ਆਪਣੀ ਮਨੋਬਿਰਤੀ, ਪਾਰਖੂ ਵਿਧੀ, ਸਿਆਣਪ, ਕਲਪਨਾ ਅਤੇ ਨੀਝ ਨੂੰ ਇਕ ਸੰਤੁਲਿਤ ਅਵਸਥਾ ਵਿੱਚ ਰੱਖ ਕੇ ਹੀ ਤੁਹਾਡੇ ਬਾਰੇ ਉਪਰੋਕਤ ਟਿਪਣੀਆਂ ਕੀਤੀਆਂ ਹਨ। ਅਸੀਂ ਤੁਹਾਡੇ ਬਾਰੇ ਇਹ ਕਹਿਣ ਦਾ ਇਖਲਾਕੀ ਆਧਾਰ ਵੀ ਰਖਦੇ ਹਾਂ ਕਿਉਂਕਿ ਪਿਛਲੇ ਇਕ ਦਹਾਕੇ ਵਿੱਚ, ਖਾਸ ਕਰਕੇ ਸਾਕਾ ਨੀਲਾ ਤਾਰਾ ਪਿਛੋਂ ਅਸੀਂ ਤੁਹਾਡੀ ਬਾਦਸ਼ਾਹੀ ਦਾ ਕਹਿਰ ਆਪਣੇ ਪਿੰਡੇ ਉਤੇ ਝੱਲਿਆ ਹੈ। ਅਸੀਂ ਇਸ ਪੱਤਰ ਦੇ ਨਾਲ ਇਕ ਵੱਖਰੀ ਦਸਤਾਵੇਜ ਵੀ ਭੇਜ ਰਹੇ ਹਾਂ ਜੋ ਇਸੇ ਪੱਤਰ ਦਾ ਇੱਕ ਹਿੱਸਾ ਹੀ ਹੈ। ਇਸ ਵਿੱਚ ਤੁਸੀਂ ਅਮਲਾਂ ਦੇ ਸ਼ੀਸ਼ੇ ਵਿੱਚ ਆਪਣਾ ਖੂਨੀ ਚਿਹਰਾ ਦੇਖ ਸਕੋਗੇ।

1947 ਵਿੱਚ ਕਥਿਤ ਆਜ਼ਾਦੀ ਪਿਛੋਂ ਸਭ ਤੋਂ ਕੌੜਾ ਸਵਾਦ ਸਾਨੂੰ ਚੱਖਣਾ ਪਿਆ। ਆਜਾਦੀ ਲਈ ਸੰਗਰਾਮ ਵਿੱਚ 95ਫੀਸਦੀ ਕੁਰਬਾਨੀਆਂ ਤਾਂ ਖਾਲਸੇ ਨੇ ਕੀਤੀਆਂ। ਪਰ ਰਾਜ ਭਾਗ ਸਾਂਭਦਿਆਂ ਹੀ ਫਿਰਕਾਪ੍ਰਸਤ/ਜਾਤਪ੍ਰਸਤ ਹਾਕਮਾਂ ਦੇ ਤੁਹਾਡੇ ਗ੍ਰਹਿ ਮੰਤਰੀ ਪਟੇਲ ਨੇ ਇਕ ਵਿਸ਼ੇਸ਼ ਸਰਕੂਲਰ ਜਾਰੀ ਕਰਕੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਦਾ ਖਿਤਾਬ ਦੇ ਦਿੱਤਾ।

## ਦੁੱਧ ਦਿੱਤਾ ਪਰ ਮੇਂਗਣਾ ਪਾ ਕੇ

ਸਾਰੇ ਭਾਰਤ ਵਿੱਚ ਬੋਲੀਆਂ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਹੋ ਗਈ ਪਰ ਪੰਜਾਬ ਦੇ ਲੋਕਾਂ ਨੂੰ ਵਿਤਕਰੇ ਦਾ ਸ਼ਿਕਾਰ ਬਣਾਇਆ ਗਿਆ। ਪੰਜਾਬੀ ਸੂਬਾ ਲੈਣ ਲਈ ਲੱਖਾਂ ਸਿੱਖ ਜੇਲ੍ਹਾਂ ਵਿੱਚ ਗਏ ਤੇ ਸ਼ਹੀਦ ਹੋਏ। ਜਦੋਂ 19 ਸਾਲਾਂ ਪਿਛੋਂ ਬੱਕਰੀ ਨੇ ਦੁੱਧ ਦਿੱਤਾ ਤਾਂ ਉਹ ਵੀ ਮੇਂਗਣਾ ਪਾ ਕੇ। 1966 ਵਿੱਚ ਜਦੋਂ ਪੰਜਾਬੀ ਸੂਬਾ ਮਿਲਿਆ ਤਾਂ ਉਹ ਵੀ ਲੰਗੜਾ। ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖ ਦਿੱਤੇ ਗਏ। ਕੌਮਾਂਤਰੀ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਪੰਜਾਬ ਨੂੰ ਇਸਦੇ ਕੁਦਰਤੀ ਸੋਮਿਆਂ ਦੀ ਮਾਲਕੀ ਦੇ ਬੁਨਿਆਦੀ ਹੱਕ ਤੋਂ ਵੀ ਵਿਰਵਿਆਂ ਕੀਤਾ ਗਿਆ। ਦਰਿਆਈ ਪਾਣੀਆਂ ਦੀ ਵੰਡ ਦਾ ਮਾਮਲਾ ਇਸ ਦੀ ਸਪੱਸ਼ਟ ਮਿਸਾਲ ਹੈ।

ਤੁਸਾਂ ਪੰਜਾਬ ਦੀ ਆਰਥਿਕ ਉਸਾਰੀ ਦੀ ਤਾਕਤ ਆਪਣੇ ਕੋਲ ਰੱਖੀ। ਪੰਜਾਬ ਦੇ ਅਰਥਚਾਰੇ ਲਈ ਅਪਨਾਇਆ ਰਾਹ ਅੰਗਹੀਣ, ਦਿਸ਼ਾਹੀਣ ਅਤੇ ਇਕ ਪਾਸੜ ਸੀ । ਇਸ ਨਾਲ ਸਮੁੱਚੇ ਅਰਥਚਾਰੇ ਵਿੱਚ ਅਸਾਂਵੇਪਨ ਨੇ ਜਨਮ ਲਿਆ।

ਤੁਸੀਂ ਚਾਹੁੰਦੇ ਹੋ ਕਿ ਸਾਡੀ ਸਨਅਤ ਤੁਹਾਡੇ ਰਹਿਮ ਉਤੇ ਹੀ ਰਹੇ ਅਤੇ ਅਸੀਂ ਕਦੇ ਵੀ ਆਪਣੇ ਪੈਰਾਂ 'ਤੇ ਆਪ ਖਲੋ ਨਾ ਸਕੀਏ। ਤੁਸੀਂ ਆਪਣੇ ਦਰ ਉਤੇ ਸਾਨੂੰ ਮੰਗਤੇ ਬਣੇ ਦੇਖਣਾ ਚਾਹੁੰਦੇ ਹੋ। ਪੰਜਾਬ ਵਿੱਚ ਖੇਤੀ ਆਧਾਰਿਤ ਸਨਅਤ ਨਾ ਮਾਤਰ ਹੈ। ਜਦ ਕਿ ਭਾਰੀ ਸਨਅਤ ਦਾ ਨਾਮੋ ਨਿਸ਼ਾਨ ਨਹੀਂ ਹੈ। ਅਸੀਂ ਆਪਣੇ ਹੱਥਾਂ ਦੀ ਕਮਾਈ ਆਪਣੇ ਵਾਸਤੇ ਮਹਿਫੂਜ ਰੱਖਣਾ ਚਾਹੁੰਦੇ ਹਾਂ ਪਰ ਤੁਸੀਂ ਪੰਜਾਬ ਨੂੰ ਇਵੇਂ ਲੁੱਟ ਰਹੇ ਹੋ ਜਿਵੇਂ ਅਸੀਂ ਤੁਹਾਡੀ ਬਸਤੀ ਹੋਈਏ।

## ਤੁਸੀਂ ਪੰਜਾਬ ਦੀ ਸ਼ਾਹ-ਰਗ ਵੱਢ ਰਹੇ ਹੋ

ਤੁਸੀਂ ਸਾਡੇ ਕਲਚਰ ਤੇ ਸਭਿਆਚਾਰ ਨੂੰ ਵੀ ਖੋਰਾ ਲਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਤੁਸੀਂ ਸਾਡੀ ਮਾਨਸਿਕ ਅਵਸਥਾ ਹੀ ਐਸੀ ਬਣਾ ਚਾਹੁੰਦੇ ਹੋ ਕਿ ਅਸੀਂ ਆਪਣੇ ਵੱਲੋਂ, ਆਪਣੇ ਸਭ ਕਾਸੇ ਵਲੋਂ, ਆਪਣੀ ਬੋਲੀ ਵਲੋਂ, ਆਪਣੇ ਕਲਚਰ ਵਲੋਂ, ਆਪਣੇ ਸ਼ਾਨਾਮੱਤੇ ਇਤਿਹਾਸ ਵਲੋਂ, ਗੱਲ ਕੀ ਆਪਣੇ ਸਭ ਕੁਝ ਵਲੋਂ ਆਪਣੇ ਆਪ ਸ਼ਰਮਸਾਰ ਹੋਣ ਲੱਗੀਏ। ਤੁਸੀਂ ਸਾਨੂੰ 'ਅੰਦਰੋਂ' ਮਾਰ ਕੇ 'ਚਾਕਰ' ਬਨਾਉਣਾ ਚਾਹੁੰਦੇ ਹੋ ਤਾਂ ਜੋ ਤੁਸੀਂ ਸਾਡਾ ਲਹੂ ਪੀਂਦੇ ਰਹੋ ਤੇ ਅਸੀਂ ਅੱਖਾਂ ਮੀਟ ਕੇ ਚੁੱਪ ਚਾਪ ਬਰਦਾਸ਼ਤ ਕਰਦੇ ਜਾਈਏ।

ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਕਲਚਰ ਦੀ ਬਨਾਵਟੀ ਲਿਸ਼ਕ-ਪੁਸ਼ਕ ਨੂੰ ਆਪਣੀ ਤਰਜ਼ੇ-ਜਿੰਦਗੀ ਵਿੱਚ ਢਾਲ ਲਈਏ। ਤੁਸੀਂ ਸਾਡੇ ਕਲਚਰ ਦੀ ਨੀਂਹ ਪੁੱਟ ਕੇ ਸਾਡੀ ਸ਼ਾਹਰਗ ਵੱਢ ਰਹੇ ਹੋ। ਤੁਸੀਂ ਸਮਝਦੇ ਹੋ ਕਿ ਅਸਾਂ ਇਤਿਹਾਸ ਵਿੱਚ ਘੱਟਾ ਹੀ ਛਾਣਿਆ ਹੈ।

ਪਰ ਹੁਣ ਅਸੀਂ ਤੁਹਾਡੇ ਹਰ ਕਦਮ ਦੀ ਬਿੜਕ ਰਖਦੇ ਹਾਂ। ਸਾਡੀਆਂ ਨਾੜਾਂ ਵਿਚ ਅਜੇ ਲਹੂ ਹੈ। ਅਸੀਂ ਆਪਣੇ ਕਲਚਰ, ਆਪਣੇ ਸਭਿਆਚਾਰ ਦਾ ਵਿਕਾਸ ਆਪਣੇ ਰੰਗ-ਢੰਗ ਨਾਲ, ਆਪਣੀ ਮੌਲਿਕਤਾ ਅਤੇ ਆਪਣੇ ਇਤਿਹਾਸ ਦੇ ਅਨੁਕੂਲ ਕਰਾਂਗੇ। ਸਭ ਜਾਣਦੇ ਹਨ ਕਿ ਸਿਆਸੀ ਤਾਕਤ ਹਾਸਲ ਕੀਤੇ ਤੋਂ ਬਿਨਾਂ ਕੋਈ ਵੀ ਕੌਮ ਆਪਣੇ ਕਲਚਰ ਦੀ ਰਾਖੀ ਨਹੀਂ ਕਰ ਸਕਦੀ ਅਤੇ ਇਹ ਸਭ ਕੁਝ ਇਕ ਸੁਤੰਤਰ, ਵੱਖਰੇ ਤੇ ਖੁਦਮੁਖਤਾਰ ਖਾਲਿਸਤਾਨ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਇਹੋ ਸਾਡੀ ਮੰਜ਼ਿਲ ਹੈ ਜਿਸ ਲਈ ਅਸੀਂ ਸ਼ਹਾਦਤ ਦੇ ਰਹੇ ਹਾਂ:

ਹਮ ਕੋ ਸਤਿਗੁਰ ਰਾਜ ਲਿਖ ਦੀਆ ।<br>
ਖਾਲਸੈ ਦੇਇ ਭੇਟ ਸਿਰ ਲੀਆ ।

## ਕੁਝ ਗੱਲਾਂ ਜੁਝਾਰੂ ਵੀਰਾਂ ਨਾਲ

ਹੁਣ ਅਸੀਂ ਆਪਣੇ ਖਾਲਸਾ ਪੰਥ ਨੂੰ ਮੁਖਾਤਿਬ ਹੋਣ ਦੀ ਇਜਾਜ਼ਤ ਚਾਹੁੰਦੇ ਹਾਂ। ਖਾਲਸਾ ਪੰਥ ਦੀਆਂ ਵਾਟਾਂ ਬਹੁਤ ਹੀ ਬਿਖ਼ਮ ਹਨ। ਇਹ ਪੈਂਡਾ "ਖੰਨਿਓ ਤਿੱਖਾ ਤੇ ਵਾਲਹੁ ਨਿੱਕਾ" ਹੈ। ਪਰ ਖਾਲਸਾ ਪੰਥ ਨੇ ਹਰ ਹੀਲੇ ਆਪਣੀ ਮਹਾਨ ਜਦੋਜਹਿਦ ਦੇ ਮੌਲਿਕ ਤੇ ਸ਼ੁੱਧ ਸਰੂਪ ਨੂੰ ਕਮਾਇਆ ਰੱਖਣਾ ਹੈ। ਉਸ ਦੀ ਸਮੁੱਚੀ ਜੱਦੋ-ਜਹਿਦ ਉਚੀ ਸੁਰਤਿ ਵਿੱਚ ਰੰਗਿਆ ਇਕ ਅਜਿਹਾ ਸਫ਼ਰ ਹੈ ਜਿਸ ਵਿੱਚ ਉਸ ਦੀ ਲਿਵ ਗੁਰੂ ਗ੍ਰੰਥ ਸਾਹਿਬ ਨਾਲ ਲਗਾਤਾਰ ਜੁੜੀ ਹੋਈ ਹੁੰਦੀ ਹੈ। ਭਾਵੇਂ ਮਨੁੱਖੀ ਗਿਣਤੀਆਂ ਦੇ ਕਹਿਰ ਸਾਹਮਣੇ ਆ ਖਲੋਣ ਤੇ ਭਾਵੇਂ ਦੁਸ਼ਮਣ ਭੜਕਾਹਟ ਦੀ ਕੋਈ ਕਸਰ ਬਾਕੀ ਨਾ ਛੱਡੇ, ਤਾਂ ਵੀ ਅਜਿਹੀਆਂ ਭਿਆਨਕ ਤੋਂ ਭਿਆਨਕ ਵਹਿਸ਼ੀਆਨਾ ਹਾਲਤਾਂ ਵਿੱਚ ਵੀ ਖਾਲਸਾ ਪੰਥ ਨੇ ਆਪਣਾ ਜ਼ਬਤ, ਠਰੰਮਾ ਤੇ ਸਹਿਜ ਟੁੱਟਣ ਨਹੀਂ ਦੇਣਾ ਅਤੇ ਬੀਤੇ ਵਿੱਚ ਸੂਰਬੀਰ ਸਿੰਘਾਂ ਵਲੋਂ ਸ਼ਹੀਦੀਆਂ ਦੇ ਕੇ ਸਥਾਪਿਤ ਕੀਤੀਆਂ ਰਵਾਇਤਾਂ ਨੂੰ ਕਾਇਮ ਰੱਖਣਾ ਹੈ।

## ਖਾਲਸੇ ਦੀ ਹਿੰਸਾ

ਦੁਸ਼ਮਣ ਵਲੋਂ ਕੀਤੀ ਹਿੰਸਾ ਦੇ ਮੁਕਾਬਲੇ ਖਾਲਸੇ ਦੀ ਹਿੰਸਾ ਖੁਦਾਈ ਸਿਫਤਾਂ ਅਤੇ ਆਤਮਿਕ ਵਰਦਾਨ ਨਾਲ ਮਾਲਾ ਮਾਲ ਹੁੰਦੀ ਹੈ। ਖਾਲਸੇ ਨੇ ਆਪਣੀ ਜਦੋਜਹਿਦ ਵਿੱਚ ਇਖਲਾਕ ਦੀ ਖੂਬਸੂਰਤੀ ਨੂੰ ਇਹੋ ਜਿਹਾ ਰੱਬੀ ਰੰਗ ਦੇਣਾ ਹੈ ਕਿ ਜੇਤੂ ਦੁਸ਼ਮਣ ਦੀ ਜ਼ਮੀਰ ਉਤੇ ਵੀ ਆਪਣੇ ਕਿਸੇ ਗੁਨਾਹ ਦਾ ਬੋਝ ਪੈ ਜਾਏ। ਇਹ ਇਖਲਾਕੀ ਕ੍ਰਿਸ਼ਮਾ ਤਾਂ ਹੀ ਸੰਭਵ ਹੈ ਜੇਕਰ ਖਾਲਸੇ ਦੀ ਗੁਰੂ ਲਿਵ ਅਤੇ ਗੁਰੂ ਗ੍ਰੰਥ ਸਾਹਿਬ ਦਾ ਆਪਸੀ ਤਾਲ ਨਾ ਟੁੱਟੇ। ਇਹੋ ਸਾਡੀ ਮੁੱਖ ਧਾਰਾ ਹੈ ਤੇ ਖਾਲਿਸਤਾਨ ਦੀ ਮੰਜਿਲ ਵਲ ਜਾਣ ਲਈ ਇਹੋ ਸਾਡੀ ਪ੍ਰੇਰਨਾ ਤੇ ਆਤਮਕ ਬਲ ਦਾ ਸੋਮਾ ਹੈ।

ਜੇਕਰ ਖਾਲਸੇ ਦੀ ਗੁਰੂ-ਲਿਵ ਅਤੇ ਗੁਰੂ ਗ੍ਰੰਥ ਸਾਹਿਬ ਵਿਚਲਾ ਤਾਲ ਹੀ ਖਾਲਸੇ ਦੀ ਮੁੱਖ ਧਾਰਾ ਹੈ ਤਾਂ ਇਸ ਮੁੱਖ ਧਾਰਾ ਨਾਲ ਗੂੜੀਆਂ ਮੁਹੱਬਤਾਂ ਕਰਨ ਵਾਲੇ ਜੁਝਾਰੂਆਂ ਨਾਲ ਵੀ ਦੋ ਗੱਲਾਂ ਕਰਨੀਆਂ ਜ਼ਰੂਰੀ ਹਨ। ਅਜਿਹਾ ਇਸ ਲਈ ਹੈ ਕਿਉਂਕਿ ਇਤਿਹਾਸ ਦੇ ਇਸ ਭਿਆਨਕ ਸੰਕਟ ਵਿੱਚ ਇਹੋ ਖਾਲਸੇ ਦਾ ਹਰਾਵਲ ਦਸਤਾ ਹਨ। ਇਹੋ ਅਕਾਲ ਪੁਰਖ ਕੀ ਫੌਜ ਹੈ ਅਤੇ ਇਹੋ ਖਾਲਸੇ ਦੀ ਸ਼ੁੱਧ ਚੇਤਨਾ ਦੇ ਪਹਿਰੇਦਾਰ ਹਨ। ਅਤੇ ਸਾਨੂੰ ਵੀ ਉਨ੍ਹਾਂ ਦਾ ਨਗੂਣਾ ਹਿੱਸਾ ਬਣਨ ਦਾ ਮਾਣ ਹਾਸਲ ਹੈ।

ਠੀਕ ਹੈ ਸਾਡਾ ਵਾਹ-ਵਾਸਤਾ ਇਕ ਵੱਡੀ ਸੰਸਾਰੀ ਸਲਤਨਤ ਨਾਲ ਹੈ ਜਿਸ ਕੋਲ ਦੁਨਿਆਵੀ ਵਸੀਲੇ ਹਨ, ਵਿਗਿਆਨਕ ਤਬਦੀਲੀਆਂ ਦੇ ਹੜ੍ਹਾਂ ਦਾ ਡਰਾਵਾ ਹੈ, ਅਕਲ ਤੇ ਅਮਲ ਨੂੰ ਥਕਾ ਦੇਣ ਵਾਲੇ ਵਾਰ ਹਨ, ਸਾਡੇ ਵਿੱਚ ਘੁਸਪੈਠ ਕਰਕੇ ਸਾਨੂੰ ਕਮਜ਼ੋਰ ਕਰਨ ਦੀਆਂ ਜਸੂਸੀ ਚਾਲਾਂ ਹਨ, ਖਿਆਲਾਂ ਦੀਆਂ ਅਚੰਭਿਤ ਉਡਾਰੀਆਂ ਹਨ ਅਤੇ ਇਸ ਤੋਂ ਵੀ ਵੱਧ ਸਰੀਰਾਂ ਦੇ ਲਸ਼ਕਰ ਹਨ। ਪਰ ਫਿਰ ਕੀ ਹੋਇਆ ? ਠੀਕ ਹੈ ਸਰੀਰਾਂ ਨੇ ਲੜਨਾ ਹੈ ਪਰ ਬਾਦਸ਼ਾਹੀਆਂ ਸਰੀਰਾਂ ਦੇ ਜ਼ੋਰ ਨਾਲ ਨਹੀਂ ਕੰਬਦੀਆਂ ਸਗੋਂ ਖਾਲਸੇ ਦੀ ਰੂਹ ਦੇ ਜ਼ੋਰ ਨਾਲ ਕੰਬਦੀਆਂ ਹਨ। ਇਹ ਖਾਲਸੇ ਦੀ ਰੂਹਾਨੀ ਸ਼ਾਨ ਦਾ ਹੀ ਬਲ ਸੀ ਕਿ ਮੁਠੀ ਭਰ ਸਿੰਘ ਚਮਕੌਰ ਦੀ ਗੜ੍ਹੀ ਵਿੱਚ 10 ਲੱਖ ਫੌਜਾਂ ਨੂੰ ਝੁਕਾ ਰਹੇ ਸਨ।

ਪਿਛਲੇ ਇਕ ਦਹਾਕੇ ਵਿੱਚ ਬ੍ਰਾਹਮਣੀ ਵਿਚਾਰਧਾਰਾ ਨਾਲ ਰੰਗੀ ਹੋਈ ਹਕੂਮਤ ਵਿਰੁਧ ਅਸਾਂ ਸ਼ਹੀਦੀਆਂ ਦੀ ਇੱਕ ਝੜੀ ਹੀ ਤਾਂ ਲਾ ਦਿੱਤੀ ਹੈ। ਚਹੁੰ ਕੂੰਟਾ ਵਿੱਚ ਸਾਡੀ ਜੈ ਜੈ ਕਾਰ ਹੈ। ਹੁਣ ਗੱਲ ਕੇਵਲ ਖਾਲਿਸਤਾਨ ਦੀ ਸੰਭਾਵਨਾ ਉਤੇ ਹੀ ਕੇਂਦਰਿਤ ਨਹੀਂ ਹੈ। ਸਗੋਂ ਭਾਰਤ ਦੇ ਕਈ ਖਿੱਤਿਆਂ ਵਿੱਚ ਸਦੀਆਂ ਤੋਂ ਦਬੀਆਂ ਕੁਚਲੀਆਂ ਕੌਮਾਂ ਆਜ਼ਾਦੀ ਲਈ ਮੈਦਾਨ ਵਿੱਚ ਨਿੱਤਰ ਆਈਆਂ ਹਨ। ਵਿਸ਼ੇਸ਼ ਕਰਕੇ ਦਲਿਤ ਭਰਾ ਬ੍ਰਾਹਮਣਵਾਦ ਦੇ ਅਸਰ ਤੋਂ ਮੁਕਤ ਹੋ ਰਹੇ ਹਨ। ਅਖੌਤੀ ਏਕਤਾ ਤੇ ਅਖੰਡਤਾ ਦੀ ਹਾਲ-ਪਾਰਿਆ ਉਨ੍ਹਾਂ ਉਤੇ ਕੋਈ ਅਸਰ ਨਹੀਂ ਕਰਦੀ ਜਿਨ੍ਹਾਂ ਨੇ ਇਸ ਨਾਅਰੇ ਵਿੱਚ ਲੁਕੀ "ਅਰੂਪ ਚਾਲ" ਨੂੰ ਸਮਝ ਲਿਆ ਹੈ। ਪਰ ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਅਸੀਂ ਵੱਡੀਆਂ ਕਮਜ਼ੋਰੀਆਂ ਤੇ ਗਲਤੀਆਂ ਤੋਂ ਮੁਕਤ ਨਹੀਂ।

## ਜੁਝਾਰੂ ਸੰਘਰਸ਼ ਦੀਆਂ ਅੰਦਰੂਨੀ ਕਮਜੋਰੀਆਂ

ਅਸੀਂ ਆਪਣੇ ਸੰਘਰਸ਼ ਦੌਰਾਨ ਕੁਝ ਇਹੋ ਜਿਹਾ ਕਰ ਬੈਠਦੇ ਹਾਂ ਜੋ ਇਖਲਾਕ ਪੱਖੋਂ ਆਸਾਧਾਰਨ ਤੇ ਪਵਿੱਤਰ ਨਹੀਂ ਹੁੰਦਾ। ਅਸੀਂ ਦ੍ਰਿੜਤਾ ਨਾਲ ਖਾਲਿਸਤਾਨ ਦੀ ਮੰਜ਼ਿਲ ਉਤੇ ਪਹਿਰਾ ਤਾਂ ਦੇ ਰਹੇ ਹਾਂ, ਪਰ ਇਸ ਮੰਜ਼ਿਲ ਵੱਲ ਜਾਂਦੇ ਸਫਰ ਉਤੇ ਅਜੇ ਤੁਰਨ ਦੀ ਪੂਰੀ ਜਾਂਚ ਸਾਨੂੰ ਨਹੀਂ ਆਈ। ਸਾਡਾ ਆਪਣੇ ਸੰਘਰਸ਼ ਬਾਰੇ ਅਨੁਭਵ ਪੇਤਲਾ, ਸਤੱਈ ਤੇ ਓਪਰਾ ਹੈ। ਦਹਾਕਿਆਂ ਅਤੇ ਸਦੀਆਂ ਤੱਕ ਵੇਖਣ ਵਾਲੀ ਦਿੱਬ ਦ੍ਰਿਸ਼ਟੀ ਅਜੇ ਸਾਨੂੰ ਨਸੀਬ ਨਹੀਂ ਹੋਈ।

ਅਸੀਂ ਕੁਝ ਇਹੋ ਜਿਹਾ ਕਰ ਬੈਠਦੇ ਹਾਂ ਜਿਸ ਨਾਲ ਸਾਡੇ ਦੁਸ਼ਮਣ ਨੂੰ ਸਾਡੇ ਸ਼ਾਨਾਂਮਤੇ ਇਤਿਹਾਸ ਅੱਗੇ ਪ੍ਰਸ਼ਨ ਚਿੰਨ੍ਹ ਲਾਉਣ ਦਾ ਮੌਕਾ ਮਿਲ ਜਾਂਦਾ ਹੈ। ਕਈ ਵਾਰ ਸਾਡੀ ਸ਼ਮਸ਼ੀਰ ਨੇ ਉਨ੍ਹਾਂ ਲੋਕਾਂ ਦੀਆਂ ਖੁਸ਼ੀਆਂ, ਖੇੜੇ ਤੇ ਚਾਅ ਖੋਹੇ ਹਨ ਜਿਨ੍ਹਾਂ ਨੇ ਸਾਡੀ ਲਹਿਰ ਨੂੰ ਸਿੱਧੇ ਰੂਪ ਵਿੱਚ ਕੋਈ ਢਾਹ ਨਹੀਂ ਲਾਈ ਹੁੰਦੀ।

ਇੰਜ ਜਾਪਦਾ ਹੈ ਜਿਵੇਂ ਅਸੀਂ ਲੋਕਾਂ ਵਿੱਚ ਭੈਅ ਉਤਪੰਨ ਕਰ ਰਹੇ ਹਾਂ, ਜਦ ਕਿ ਸਾਡਾ ਨੌਵੇਂ ਪਾਤਸ਼ਾਹ ਨਾਲ "ਨਾ ਭੈਅ ਦੇਣ ਅਤੇ ਨਾ ਭੈਅ ਮੰਨਣ" ਦਾ ਇਕਰਾਰਨਾਮਾ ਹੈ।

ਜੁਝਾਰੂ ਵੀਰੋ ! ਇੰਜ ਕਿਉਂ ਨਹੀਂ ਹੋ ਰਿਹਾ ਕਿ ਸਾਡੇ ਅਮਲਾਂ ਤੇ ਕਾਰਨਾਮਿਆਂ ਦੇ ਬਹੁਰੰਗੀ ਅਰਥ ਤੇ ਅਲੌਕਿਕ ਪ੍ਰਭਾਵ ਪੈਣ ? ਲੋਕਾਂ ਨੂੰ ਇਹ ਕਹਿਣ ਦਾ ਮੌਕਾ ਕਿਉਂ ਦੇਈਏ ਕਿ ਸਾਡੇ ਮਨ, ਬਚਨ ਤੇ ਕਰਮ ਵਿਚਕਾਰ ਕੋਈ ਡੂੰਘਾ ਵਿਛੋੜਾ ਪੈ ਗਿਆ ਹੈ। ਅਸੀਂ ਜਿੱਤ ਪਿੱਛੋਂ ਜਿੱਤ ਦੇ ਨਸ਼ੇ ਦੀ ਕਮਜ਼ੋਰੀ ਪਾਲੀ ਬੈਠੇ ਹਾਂ ਅਤੇ ਹਾਰਨ ਪਿਛੋਂ ਹਾਰ ਦੇ ਕਾਰਨਾਂ ਦੀ ਥਾਹ ਨਹੀਂ ਪਾਉਂਦੇ। ਇਸ ਤਰ੍ਹਾਂ ਹਾਰਾਂ ਦਾ ਇਕ ਲੰਮਾ ਸਿਲਸਲਾ ਸ਼ੁਰੂ ਹੋ ਜਾਂਦਾ ਹੈ। ਅਜਿਹੀ ਹਾਲਤ ਵਿੱਚ ਅਸੀਂ ਖਾਲਸੇ ਦੀ ਅਗੰਮੀ ਚੇਤਨਾ ਨਾਲ ਇਕਸੁਰ ਹੋਣ ਲਈ ਗੁਰੂ ਘਰ ਅੱਗੇ ਅਸੀਸ ਦੀ ਸਿੱਕ ਨਹੀਂ ਕਰਦੇ।

ਅਸੀਂ ਸ਼ਹੀਦੀਆਂ ਪਾ ਰਹੇ ਹਾਂ, ਜੇਲ੍ਹਾਂ ਵੀ ਕੱਟ ਰਹੇ ਹਾਂ, ਜਾਬਰ ਦਾ ਹਰ ਵਾਰ ਝੱਲ ਰਹੇ ਹਾਂ ਪਰ ਫਿਰ ਵੀ ਸਾਡੀ ਮੂਲ ਬਿਰਤੀ ਵਿੱਚ ਸ਼ੁਕਰ, ਸਬਰ ਤੇ ਧਰਵਾਸ ਦੇ ਗੁਣਾਂ ਨੇ ਅਜੇ ਪੂਰਾ ਵਾਸ ਨਹੀਂ ਕੀਤਾ। ਕਦੇ ਕਦੇ ਸੰਸਾਰੀ ਰੁਤਬਿਆਂ ਦੀ ਸ਼ਾਨ, ਸਜਾਵਟ ਤੇ ਤਾਕਤ ਖਿੱਚਾਂ ਪਾਉਣ ਲਗਦੀ ਹੈ ਅਤੇ ਰੂਹਾਨੀ ਕੀਮਤਾਂ ਨੂੰ ਤਿਲਾਂਜਲੀ ਦੇ ਕੇ ਦੁਨਿਆਵੀ ਕੀਮਤਾਂ ਦੇ ਚਮਤਕਾਰਾਂ ਦਾ ਸ਼ਿਕਾਰ ਹੋ ਜਾਂਦੇ ਹਾਂ। ਅਜਿਹੇ ਸਮੇਂ ਅਸੀਂ ਆਪਣੀ ਇਖਲਾਕੀ ਸੁੱਚਤਾ, ਸੂਰਮਗਤੀ ਅਤੇ ਰੂਹਾਨੀਅਤ ਦਾ ਨਿਆਰਾ ਰੂਪ ਦੁਨੀਆਂ ਦੇ ਸਭ ਸਵਾਰਥਾਂ ਤੋਂ ਅਛੂਤ ਅਤੇ ਉਚੇਚਾ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਅੱਗੇ ਜੋਦੜੀਆਂ ਨਹੀਂ ਕਰਦੇ।

## ਸਾਡਾ ਗੁਰੂ ਸਾਨੂੰ ਮਿਲਣ ਲਈ ਬਿਹਬਲ ਹੈ

ਕਈ ਵਾਰ ਅਸੀਂ ਦੁਬਿਧਾ ਦਾ ਸ਼ਿਕਾਰ ਹੁੰਦੇ ਹਾਂ। ਇਸ ਤੋਂ ਮੁਕਤ ਹੋਣ ਲਈ ਗੁਰੂ ਦੇ ਨੇੜੇ ਆਉਣ ਦੀ ਥਾਂ ਦੂਰ ਭੱਜਦੇ ਹਾਂ। ਅਸੀਂ ਇਹ ਵੀ ਭੁੱਲਦੇ ਜਾ ਰਹੇ ਹਾਂ ਕਿ ਜਦੋਂ ਖਾਲਸੇ ਦੀ ਮੁੱਖ ਧਾਰਾ ਦੇ ਪਹਿਰੇਦਾਰਾ ਵਿੱਚ ਕੋਈ ਵੱਡੇ ਮਤਭੇਦ ਆ ਖਲੋਣ ਤਾਂ ਅਕਾਲ ਤਖ਼ਤ ਉਤੇ ਸਰਬਤ ਖਾਲਸਾ ਵਲੋਂ ਕੀਤਾ ਗੁਰਮਤਾ ਸਾਨੂੰ ਯਕੀਨਨ ਜੋੜਦਾ ਤੇ ਰਾਹ ਦਿਖਾਉਂਦਾ ਹੈ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਇਲਾਹੀ ਮੁਹੱਬਤ ਨਾਲ ਰੰਗੇ ਓ ਸਾਡੇ ਜੁਝਾਰੂ ਵੀਰੋ ! ਅਕਾਲ ਤਖ਼ਤ ਵਲ ਵਹੀਰਾਂ ਕਿਉਂ ਨਹੀਂ ਘੱਤ ਰਹੇ। ਸਾਡਾ ਗੁਰੂ ਬਾਹਾਂ ਖਿਲਾਰ ਕੇ ਸਾਨੂੰ ਮਿਲਣ ਲਈ ਬਿਹਬਲ ਹੈ। ਸਾਡੀ ਪੀੜ ਆਪਣੇ ਅੰਦਰ ਸਮੋਣ ਲਈ ਉਹ ਸਾਨੂੰ ਉਡੀਕ ਰਿਹਾ ਹੈ।

ਕਈ ਵਾਰ ਅਸੀਂ ਬੇਬੁਨਿਆਦ ਸ਼ੰਕਿਆਂ ਨੂੰ ਮਨ ਵਸਾ ਕੇ ਆਪਣੇ ਹੀ ਅੰਦਰ ਧੜੇ ਬਣਾਉਂਦੇ ਹਾਂ, ਧੜੇ ਪਾਲਦੇ ਹਾਂ ਤੇ ਫਿਰ 'ਆਪਣੇ ਧੜੇ' ਦੀ ਰਾਖੀ ਲਈ ਦੂਜੇ ਧੜੇ ਉਤੇ ਤੋਹਮਤਾਂ ਲਾਉਂਦੇ ਹਾਂ। ਇਥੇ ਹੀ ਬਸ ਨਹੀਂ ਕਰਦੇ ਸਗੋਂ ਸਾਡੀ ਪੰਥ ਦੇ ਜੁਝਾਰੂਆਂ ਨੇ ਹਿਰਦਿਆਂ ਨੂੰ ਪਵਿੱਤਰ ਕਰਕੇ, ਮਨ ਨੀਵਾਂ ਤੇ ਮਤ ਉਚੀ ਕਰਨ ਦੀ ਦੁਆ ਲੈ ਕੇ ਇਸ ਗੰਭੀਰ ਚੁਨੌਤੀ ਦਾ ਦ੍ਰਿੜਤਾ ਤੇ ਪਿਆਰ ਨਾਲ ਸਾਹਮਣਾ ਕਰਨਾ ਹੈ। ਕੀ ਸਾਡੇ ਜਾਣ ਪਿਛੋਂ ਜੁਝਾਰੂ ਵੀਰੋ, ਇੰਝ ਕਰੋਗੇ ?

## ਮਿੱਠੇ ਮਹੁਰੇ ਤੋਂ ਸੁਚੇਤ ਰਹੋ

ਸਿਰ ਤਲੀ ਉਤੇ ਰੱਖ ਕੇ ਤੁਰੇ ਕਾਫਲੇ ਦੇ ਜੁਝਾਰੂ ਹਾਣੀਓ ! ਖਾਲਸੇ ਦੀ ਮੁੱਖ ਧਾਰਾ ਅਤੇ ਇਸ ਦੇ ਸ਼ੁੱਧ-ਸਰੂਪ ਦੇ ਨਾਲ ਹੀ ਅਗਿਆਨ ਤੇ ਤ੍ਰਿਸ਼ਨਾ ਦੀ ਇਕ ਕਮਜ਼ੋਰ ਪਰ ਬਹੁਤ ਖਤਰਨਾਕ ਲਹਿਰ ਦੀ ਵੀ ਪਹਿਚਾਣ ਕਰਨ ਦੀ ਇਤਿਹਾਸਕ ਜ਼ਿੰਮੇਵਾਰੀ ਤੁਹਾਡੇ ਹੀ ਮੋਢਿਆਂ 'ਤੇ ਹੈ। ਇਸ ਲਹਿਰ ਨੇ ਸੱਤਾ ਹਾਸਲ ਕਰਨ "ਬਿਪਰਨ ਕੀ ਰੀਤ" ਉਤੇ ਚਲਣ ਦੀ ਸ਼ਰਤ ਨੂੰ ਮਨਜ਼ੂਰ ਕਰ ਲਿਆ ਹੈ। ਸਿੱਖਾਂ ਪ੍ਰਤੀ ਪੂਰੀ ਹਮਦਰਦੀ ਦੇ ਭੇਸ ਵਿੱਚ ਆਈ ਇਸ ਲਹਿਰ ਪਿਛੇ ਲੁਕੇ ਸਵਾਰਥਾਂ ਨੂੰ ਸਮਝੋ ਤੇ ਇਸ ਵਿਰੁੱਧ ਇਕ ਲਗਾਤਾਰ ਜਹਾਦ ਛੇੜੋ। ਨਿਕੇ-ਨਿਕੇ ਰਾਜਸੀ ਸਵਾਰਥਾਂ ਵਿੱਚ ਇਹ ਲਹਿਰ ਲਿਪਟੀ ਹੋਈ ਹੈ। ਇਹ ਲਹਿਰ ਜੋੜ ਤੋੜਾਂ ਵਿੱਚ ਲੱਗੀ ਹੋਈ ਹੈ। ਇਸ ਲਹਿਰ ਨਾਲ ਜੁੜੇ ਲੋਕਾਂ ਦਾ ਬ੍ਰਾਹਮਣ ਦੀ ਸੰਸਾਰੀ ਬਾਦਸ਼ਾਹੀ ਅਗੇ ਸਿਦਕ ਡੋਲ ਗਿਆ ਹੈ। ਇਹ ਬਿਪਰ ਸੰਸਕਾਰ ਦੇ ਤਾਜ ਤਖ਼ਤ ਤੇ ਸ਼ਾਹੀ ਫੁਰਮਾਨ ਉਤੇ ਮੋਹਿਤ ਹੋ ਚੁੱਕੇ ਹਨ। ਇਨ੍ਹਾਂ ਨੂੰ ਕੁਸੰਭੜੇ ਦੇ ਰੰਗ ਨਾਲ ਪਿਆਰ ਹੈ। ਇਨ੍ਹਾਂ ਦੇ ਅਮਲਾਂ ਵਿੱਚ ਗੁਰੂ ਨਾਨਕ ਦੀਆਂ ਅਗੰਮੀ ਵਾਟਾਂ ਦਾ ਸੰਦੇਸ਼ ਨਹੀਂ ਹੈ। ਇਨ੍ਹਾਂ ਨੂੰ ਕਿਸੇ ਅਗੰਮੀ ਪ੍ਰਤੀਤੀ ਦੀ ਝਲਕ ਨਹੀਂ। ਇਨ੍ਹਾਂ ਦੀ ਅਵੱਸਥਾ "ਮਨ ਹੋਰ ਮੁੱਖ ਹੋਰ" ਵਾਲੀ ਹੈ। ਇਹ ਐਲਾਨ ਕਰ ਦਿਓ ਕਿ ਇਹ ਕੱਚੇ ਹਨ। ਇਹ ਐਲਾਨ ਕਰੋ ਕਿ ਇਨ੍ਹਾਂ ਨੇ ਬੇਦਾਵਾ ਲਿੱਖ ਦਿੱਤਾ ਹੈ। ਜੇ ਇਨ੍ਹਾਂ ਨੇ ਬੇਦਾਵਾ ਪੜਵਾਉਣਾ ਹੈ ਅਤੇ ਜੇਕਰ ਉਹ ਮਹਿਸੂਸ ਕਰਦੇ ਹਨ ਕਿ ਗੁਰੂ ਨਾਨਕ ਸੱਚ ਦਾ ਕੋਈ ਨਾ ਕੋਈ ਭੇਤ ਉਨ੍ਹਾਂ ਵਿੱਚ ਹੈ ਤਾਂ ਉਹ ਸਿੱਧੇ ਤੇ ਸਪੱਸ਼ਟ ਹੋ ਕੇ ਖਾਲਿਸਤਾਨ ਦੇ ਸਫਰ ਵੱਲ ਆਪਣੇ ਕਦਮ ਪੁੱਟਣ, ਨਹੀਂ ਤਾਂ ਉਹ ਇਤਿਹਾਸ ਦੇ ਕੂੜੇ ਕਰਕਟ ਦਾ ਇਕ ਭਾਗ ਬਣੇ ਰਹਿਣਗੇ।

## ਮਹਾਨ ਉਥਲ-ਪੁਥਲ ਬਾਰੇ ਖਾਲਸਈ ਦ੍ਰਿਸ਼ਟੀਕੋਣ

'ਰਾਸ਼ਟਰਪਤੀ' ਜੀ ਆਪਣੀ ਕੌਮ ਨਾਲ ਦੋ ਗੱਲਾਂ ਕਰਨ ਪਿੱਛੋਂ ਫਿਰ ਤੁਹਾਨੂੰ ਮੁਖਾਤਿਬ ਹੁੰਦੇ ਹਾਂ।

ਜਦੋਂ ਅਸੀਂ ਅਲਵਿਦਾ ਕਹਿ ਰਹੇ ਹੋਵਾਂਗੇ ਤਾਂ ਇਹ ਦੁਨੀਆਂ ਅਣਗਿਣਤ ਵਿਰੋਧਤਾਈਆਂ ਦਾ ਇਕ ਅਜਬ ਮੇਲਾ ਹੋਏਗੀ। ਜੇਕਰ ਇਕ ਅਨੁਭਵੀ ਝਾਤ ਮਾਰੀ ਜਾਏ ਤਾਂ ਸਾਰੇ ਸੰਸਾਰ ਵਿੱਚ ਇਕ ਉਥਲ ਪੁਥਲ ਹੈ, ਇਕ ਵੱਡੀ ਹਿਲਜੁਲ ਹੈ। ਓਪਰੀ ਨਜ਼ਰੇ ਦੇਖਿਆਂ ਇਹ ਇਕ ਵਿਨਾਸ਼ਕਾਰੀ ਕਰਮ ਦਿਖਾਈ ਦੇ ਸਕਦਾ ਹੈ। ਇਉਂ ਮਹਿਸੂਸ ਹੁੰਦਾ ਹੈ ਜਿਵੇਂ ਮਨੁੱਖੀ ਚੈਨ ਅਤੇ ਅਮਨ ਵਿੱਚ ਕੋਈ ਖਲਲ ਪੈ ਰਿਹਾ ਹੈ। ਪਰ ਗਹਿਰਾਈਆਂ ਵਿੱਚ ਜਾਣ ਵਾਲੀਆਂ ਦਿੱਬ ਦ੍ਰਿਸ਼ਟੀਆਂ ਦੇ ਮਾਲਕ ਇਸ ਨੂੰ ਅਸਲੋਂ ਹੀ ਵੱਖਰੇ ਨੁਕਤਾ ਨਿਗਾਹ ਤੋਂ ਦੇਖਦੇ ਹਨ।

ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਕਿਸੇ ਸਿਸਟਮ ਦੀ ਕੈਦ ਵਿੱਚ ਨਹੀਂ ਰੱਖਿਆ ਜਾ ਸਕਦਾ । ਇਸ ਸਦੀਵੀ ਤਾਂਘ ਨੂੰ ਖਤਮ ਕਰਨ ਦੇ ਯਤਨਾਂ ਨੂੰ ਅਸਾਂ ਇਤਿਹਾਸ ਦੇ ਕੂੜੇ ਕਰਕਟ ਵਿੱਚ ਗਰਕ ਹੁੰਦੇ ਦੇਖਿਆ ਹੈ ਅਤੇ ਵਰਤਮਾਨ ਅੰਦਰ ਵੀ ਇਨ੍ਹਾਂ ਯਤਨਾਂ ਨੂੰ ਬੁਰੀ ਤਰ੍ਹਾਂ ਨਾਕਾਮ ਹੁੰਦੇ ਦੇਖ ਰਹੇ ਹਾਂ।

ਮਨੁੱਖ ਦੀ ਧੁਰ ਗਹਿਰਾਈ ਵਿੱਚ ਆਜ਼ਾਦੀ ਲਈ ਬਲਦਾ ਇਹ ਜਜ਼ਬਾ ਹੀ ਸੀ ਕਿ ਇਸ ਨੇ ਫਰਾਂਸ ਦੇ ਮਹਾਨ ਇਨਕਲਾਬ ਨੂੰ ਜਨਮ ਦਿੱਤਾ ਅਤੇ ਫਿਰ ਇਸ ਸਦੀ ਦੇ ਸ਼ੁਰੂ ਵਿੱਚ ਆਤੰਕ ਤੇ ਜ਼ੁਲਮ ਦੀ ਪ੍ਰਤੀਕ ਬਣੀ ਜ਼ਾਰਸ਼ਾਹੀ ਹਕੂਮਤ ਨੂੰ ਅਸਾਂ ਇਤਿਹਾਸ ਵਿਚ ਢਹਿ ਢੇਰੀ ਹੁੰਦੇ ਦੇਖਿਆ ਹੈ।

ਪਰ ਜ਼ਾਰਸ਼ਾਹੀ ਦੇ ਖੰਡਰਾਂ ਉਤੇ ਜੋ ਵੀ ਸਿਸਟਮ ਉਭਰੇ ਉਹ ਵੀ ਮਨੁੱਖ ਦੀ ਸਦੀਵੀ ਆਜ਼ਾਦੀ ਦੀ ਰੀਝ ਦੇ ਵੇਗ ਨੂੰ ਨਾ ਤਾਂ ਸਾਂਭ ਸਕੇ ਹਨ ਅਤੇ ਨਾ ਹੀ ਸਮਝ ਸਕੇ ਹਨ। ਇਨਾਂ ਵੱਡੇ ਵੱਡੇ ਮਹੱਲਾਂ ਵਿੱਚ ਤਰੇੜਾਂ ਪੈ ਰਹੀਆਂ ਹਨ। ਸਾਡੇ ਸਮਿਆਂ ਦਾ ਇਹ ਕੈਸਾ ਵਿਅੰਗ ਹੈ ਕਿ ਉਹੋ ਲੋਕ ਆਜ਼ਾਦੀ ਦੇ ਕਾਤਲ ਬਣ ਗਏ ਜਿੰਨਾਂ ਦੇ ਵਡੇਰਿਆਂ ਨੇ ਆਜ਼ਾਦੀ ਦਾ ਝੰਡਾ ਸੰਸਾਰ ਵਿੱਚ ਬੁਲੰਦ ਕੀਤਾ ਸੀ।

## ਮੁਜ਼ਰਿਮਾਂ ਦੇ ਘੁਰਨੇ

ਅਸੀਂ ਇਹ ਗੱਲ ਬੜੇ ਅਫਸੋਸ ਨਾਲ ਆਖ ਰਹੇ ਹਾਂ ਕਿ ਉਹ ਧਰਤੀ ਜਿਥੇ ਨਾਜ਼ੀਆਂ ਵਿਰੁਧ ਜੂਝਦਿਆਂ ਲੱਖਾਂ ਲੋਕਾਂ ਨੇ ਜਾਨਾਂ ਦਿੱਤੀਆਂ, ਉਹ ਸਰ ਜਮੀਨ ਅੱਜ ਸਿੰਘਾਂ ਦੇ ਕਾਤਲਾਂ ਲਈ ਸ਼ਰਨਗਾਹ ਬਣ ਗਈ ਹੈ। ਸਾਡੀ ਮੁਰਾਦ ਮਹਾਨ ਟਾਲਸਟਾਏ ਤੇ ਲੇਨਿਨ ਦੇ ਦੇਸ਼ ਸੋਵੀਅਤ ਯੂਨੀਅਨ ਅਤੇ ਉਨ੍ਹਾਂ ਦੇ ਸਹਿਯੋਗੀ ਪੂਰਬੀ ਯੂਰਪ ਦੇ ਮੁਲਕ ਹਨ ਜਿਥੇ ਸੈਂਕੜੇ ਸਿੱਖ ਗੱਭਰੂਆਂ ਨੂੰ ਜ਼ਿਬਾਹ ਕਰਨ ਵਾਲੇ ਬੂਆ ਤੇ ਰਿਬੈਰੋ ਵਰਗੇ ਅਜੋਕੇ ਨਾਜ਼ੀ ਸਫਾਰਤੀ ਜਿੰਮੇਵਾਰੀਆਂ ਨਿਭਾਉਣ ਦੇ ਪੱਜ ਹੇਠ ਸਿਆਸੀ ਸ਼ਰਨ ਦਾ ਆਨੰਦ ਮਾਣ ਰਹੇ ਹਨ। ਪਰ ਨਾਲ ਹੀ ਸਾਨੂੰ ਇਨਾਂ ਮੁਲਕਾਂ ਵਿੱਚ ਅਜਾਦੀ ਲਈ ਝੁਲ ਰਹੇ ਤਾਜੀ ਹਵਾ ਦੇ ਬੁਲੇ ਆ ਰਹੇ ਹਨ। ਪਰ ਨਾਲ ਹੀ ਸਾਨੂੰ ਇਨ੍ਹਾਂ ਮੁਲਕਾਂ ਵਿੱਚ ਅਜ਼ਾਦੀ ਲਈ ਝੁਲ ਰਹੇ ਤਾਜੀ ਹਵਾ ਦੇ ਬੁੱਲੇ ਇਹ ਆਸ ਬਨਾਉਂਦੇ ਹਨ ਕਿ ਮਨੁੱਖਤਾ ਦੇ ਕਾਤਲਾਂ ਲਈ ਇਹ ਘੁਰਨੇ ਵੀ ਹੁਣ ਬਹੁਤਾ ਚਿਰ ਸੁਰੱਖਿਅਤ ਨਹੀਂ ਰਹਿਣਗੇ। ਸਾਡੇ ਲਈ ਉਹ ਘੜੀ ਦੂਰ ਨਹੀਂ ਜਦੋਂ ਇਨ੍ਹਾਂ ਮੁਲਕਾਂ ਦੇ ਲੋਕ ਆਪਣੀਆਂ ਸ਼ਾਨਦਾਰ ਰਵਾਇਤਾਂ ਉਤੇ ਪਹਿਰਾਂ ਦੇ ਕੇ ਮਾਨਵਤਾ ਦੇ ਇਨ੍ਹਾਂ ਮੁਜਰਿਮਾਂ ਨੂੰ ਸਾਡੇ ਹਵਾਲੇ ਕਰਨਗੇ ਤਾਂ ਜੋ ਖਾਲਸੇ ਦੀ ਕਚਿਹਰੀ ਵਿੱਚ ਇਨ੍ਹਾਂ ਨਾਲ ਬਣਦਾ ਇਨਸਾਫ ਕੀਤਾ ਜਾ ਸਕੇ।

## ਖਾਲਿਸਤਾਨ ਦਾ ਸੱਚ ਸਵੀਕਾਰ ਕਰੋ

ਖਾਲਸੇ ਉਤੇ ਜ਼ੁਲਮ ਦੀ ਜੋ ਕਾਲੀ ਬੋਲੀ ਹਨੇਰੀ ਝੁੱਲ ਰਹੀ ਹੈ ਅਤੇ ਤਸ਼ੱਦਦ ਦੀ ਜੋ ਅੱਗ ਸਿੰਘਾਂ ਉਤੇ ਵਰ ਰਹੀ ਹੈ, ਉਸ ਦਾ ਥੋੜਾ ਮਾਸਾ ਸੇਕ ਤਾਂ ਲਿੰਕਨ, ਐਮਰਸਨ, ਰੂਸੋ, ਵਾਲਟੇਅਰ ਅਤੇ ਸ਼ੈਕਸਪੀਅਰ ਦੀਆਂ ਰੂਹਾਂ ਨੂੰ ਵੀ ਪਹੁੰਚ ਗਿਆ ਹੋਵੇਗਾ ਕਿਉਂਕਿ ਆਪਣੀ ਆਜ਼ਾਦੀ ਤੇ ਖੁਦ ਮੁਖਤਾਰੀ ਲਈ ਸੰਗਰਾਮ ਕਰਨ ਵਾਲੇ ਲੋਕਾਂ ਦੇ ਲਹੂ ਦਾ ਰੰਗ ਇਕੋ ਹੀ ਹੁੰਦਾ ਹੈ। ਪਰ ਸਾਨੂੰ ਇਹ ਕਹਿਣ ਦੀ ਇਜਾਜਤ ਦਿਓ ਕਿ ਇਨ੍ਹਾਂ ਮਹਾਨ ਵਿਅੱਕਤੀਆਂ ਦੀਆਂ ਧਰਤੀਆਂ ਦੇ ਲੋਕਾਂ ਵਿੱਚ ਆਪਣੀਆਂ ਰਵਾਇਤਾਂ ਨੂੰ ਅੱਗੇ ਤੋਰਨ ਦੀ ਤਾਂਘ ਮਰ ਰਹੀ ਹੈ। ਉਨ੍ਹਾਂ ਦੀਆਂ ਰੂਹਾਨੀ ਕਦਰਾਂ, ਕੀਮਤਾਂ 'ਤੇ ਇਕ ਭਿਅੰਕਰ ਸੋਕਾ ਆ ਗਿਆ ਹੈ ਅਤੇ ਉਹ ਵੇਖ ਨਹੀਂ ਰਹੇ ਕਿ ਖਾਲਿਸਤਾਨ ਦੀ ਸਰ ਜ਼ਮੀਨ 'ਤੇ ਇਕ ਨਵੇਂ ਸੂਰਜ ਦਾ ਪ੍ਰਕਾਸ਼ ਹੋ ਰਿਹਾ ਹੈ ਜਿਸ ਦੀਆਂ ਕਿਰਨਾਂ ਨੇ ਸਾਰੇ ਬ੍ਰਹਿਮੰਡ ਨੂੰ ਰੋਸ਼ਨ ਕਰਨਾ ਹੈ। ਅਸੀਂ ਉਮੀਦ ਕਰਦੇ ਹਾ ਕਿ ਉਹ ਖਾਲਿਸਤਾਨ ਦੀ ਹਕੀਕਤ ਨੂੰ ਪ੍ਰਵਾਨ ਕਰਨਗੇ। ਅਸੀਂ ਯੂ.ਐਨ.ਓ. ਨੂੰ ਵੀ ਅਪੀਲ ਕਰਾਂਗੇ ਕਿ ਉਹ ਖਾਲਿਸਤਾਨ ਦੇ ਸੱਚ ਨੂੰ ਸਵੀਕਾਰ ਕਰੇ, ਤਾਂ ਜੋ ਖਾਲਸਾ ਕੌਮ ਸੰਯੁਕਤ ਰਾਸ਼ਟਰ ਦੇ ਚਾਰਟਰ ਅਨੁਸਾਰ ਕੌਮਾਂਤਰੀ ਅਮਨ ਤੇ ਸੁਰੱਖਿਆ ਨੂੰ ਮਜਬੂਤ ਕਰਨ, ਭਾਰਤ ਸਮੇਤ ਸਭ ਮੁਲਕਾਂ ਨਾਲ ਚੰਗੇ ਗਵਾਂਢੀਆਂ ਵਾਂਗ ਅਮਨ ਅਤੇ ਸਹਿਨਸ਼ੀਲਤਾ ਦੇ ਸਬੰਧਾਂ ਨੂੰ ਯਕੀਨੀ ਬਨਾਉਣ ਲਈ ਸੰਸਾਰ ਦੇ ਇਤਿਹਾਸ ਵਿੱਚ ਆਪਣਾ ਮਹੱਤਵ ਪੂਰਨ ਯੋਗਦਾਨ ਪਾ ਸਕੇ।

# ਮੌਤ ਵਿੱਚ ਵੀ ਜਿੰਦਗੀ ਦੀ ਸ਼ਾਨ ਦਾ ਪਰਚਮ ਝੂਲਦਾ ਹੈ

'ਰਾਸ਼ਟਰਪਤੀ' ਜੀ ! ਅਸੀਂ ਮੌਤ ਦੀਆਂ ਅੱਖਾਂ ਵਿੱਚ ਅੱਖਾਂ ਪਾਉਣ ਜਾ ਰਹੇ ਹਾਂ, ਕਿਉਂਕਿ ਸਾਡਾ ਇਹ ਵਿਸਵਾਸ਼ ਹੈ ਕਿ ਮੌਤ ਵਿੱਚ ਵੀ ਜਿੰਦਗੀ ਦੀ ਸ਼ਾਨ ਦਾ ਪਰਚਮ ਝੁੱਲਦਾ ਹੈ। ਅਸੀਂ ਤਾਂ ਕੀ ਸਾਡੀ ਸਮੁੱਚੀ ਕੌਮ ਹੀ 'ਤਲੀ ਉਤੇ ਸੀਸ' ਧਰਨ ਦੇ ਕਰਮ ਵਿੱਚੋਂ ਉਪਜੀ ਹੈ। ਫਿਰ ਬਦੀ ਦੀਆਂ ਬੰਦੂਕਾਂ ਸਾਨੂੰ ਭਲਾ ਕੀ ਡਰਾਉਣਗੀਆਂ ?

ਇਸ ਬੇਵਫਾ ਦੌਰ ਵਿੱਚ ਵੀ ਅਸੀਂ ਸਾਬਤ ਦੇ ਸਿਦਕਵਾਨ ਹੋ ਕੇ ਆਪਣੇ ਮਾਹੀ ਨੂੰ ਮਿਲਣ ਜਾ ਰਹੇ ਹਾਂ। ਸਾਡੀ ਸ਼ਹਾਦਤ ਇਕ ਜਿਸਮ ਵਾਂਗ ਹੋਏਗੀ। ਸ਼ਹਾਦਤ ਦੇ ਰਹੇ ਹਾਂ ਤਾਂ ਜੋ ਰੁਹਾਨੀ ਕੀਮਤਾਂ ਨੂੰ ਪਹਿਲ ਦੇਣ ਦੀ ਸਿਖਰ ਨੂੰ ਛੂਹ ਸਕੀਏ।

ਅਸੀਂ ਇਉਂ ਮਹਿਸੂਸ ਕਰ ਰਹੇ ਹਾਂ ਜਿਵੇਂ ਸ਼ਹਾਦਤ ਜ਼ਿੰਦਗੀ ਦੇ ਕੁੱਲ ਡਰਾਂ, ਲਾਲਚਾਂ, ਸਰੀਰ ਦੀਆਂ ਅਸ਼ਲੀਲ ਭਾਵਨਾਵਾਂ ਦੇ ਤਿਆਗ ਦਾ ਨਾਂਅ ਹੈ। ਖਾਲਸੇ ਦੀ ਚੇਤਨਾ ਸ਼ਹਾਦਤ ਦੇ ਅਮਲ ਦੌਰਾਨ ਹੀ ਵੱਧ ਤੋਂ ਵੱਧ ਰੋਸ਼ਨ ਤੇ ਖਾਲਿਸ ਹੁੰਦੀ ਹੈ।

ਅਸੀਂ ਸ਼ਹਾਦਤ ਦੇ ਰਹੇ ਹਾਂ ਤਾਂ ਜੋ ਖਾਲਸੇ ਦੀ ਕੁਦਰਤੀ ਮੌਲਿਕਤਾ ਇਸ ਦੀ ਨਿਆਰੀ ਛੱਬ ਤੇ ਇਸ ਦਾ ਸਰਸਬਜ਼ ਚਿਹਰਾ ਇਕ ਵਾਰ ਮੁੜ ਆਪਣੇ ਜਾਹੋ ਜਲਾਲ ਵਿੱਚ ਆ ਕੇ ਸਾਰੇ ਸੰਸਾਰ ਨੂੰ ਰੋਸ਼ਨ ਕਰੇ। ਗੁਰੂਆਂ ਨੇ ਕਿਸੇ ਅਨੰਤ ਖੁਸ਼ੀ ਵਿੱਚ ਤੁਰੱਠ ਕੇ ਸਾਨੂੰ ਆਪਣੀ ਮੁਹੱਬਤ ਦੀ ਇਕ ਚਿਣਗ ਬਖ਼ਸ਼ੀ ਹੈ ਅਤੇ ਇਸ ਚਿਣਗ ਨਾਲ ਅਸੀਂ ਸਾਰਾ ਅਸਮਾਨ ਰੌਸ਼ਨ ਕਰਨ ਜਾ ਰਹੇ ਹਾਂ। ਅਸੀਂ ਇਸ ਰੋਸ਼ਨੀ ਦੀ ਗੋਦ ਵਿੱਚ ਬੈਠ ਕੇ ਪੂਰਨ ਖੇੜੇ ਵਿਚ ਹਾਂ ਅਤੇ ਸ਼ਹਾਦਤ ਦੇ ਸ਼ੌਕ ਵਿੱਚ ਅਸੀਂ ਅਡੋਲ ਕਿਸੇ ਵੱਡੀ ਅਵਸਥਾ ਵਿੱਚ ਵਿਚਰ ਰਹੇ ਹਾਂ।

ਸਾਨੂੰ 'ਸਤਿਗੁਰੂ' ਮਿਲ ਗਿਆ ਹੈ ਤੇ ਰਾਗਾਂ ਦੀਆਂ ਪਰੀਆਂ ਆਪਣੇ ਪਰਿਵਾਰਾਂ ਸਮੇਤ ਸਾਨੂੰ ਵਧਾਈਆਂ ਦੇਣ ਲਈ ਇਸ ਅਲੌਕਿਕ ਮੇਲੇ ਵਿੱਚ ਪੁੱਜੀਆਂ ਹੋਈਆਂ ਹਨ।

ਸ਼ਹਾਦਤ ਦਾ ਵੀ ਇੱਕ ਆਪਣਾ ਹੀ ਨਿਰਾਲਾ ਸਵਾਦ ਹੁੰਦਾ ਹੈ। ਇਹ ਕੈਸਾ ਵਿਸਮਾਦ ਹੈ ਜੋ ਠੋਸ ਅਤੇ ਅਣਕਹੇ ਜਜ਼ਬਿਆਂ ਤੋਂ ਵੀ ਪਰੇ ਹੈ।

ਸਾਡੀ ਕੌਮ ਨੂੰ ਆਖਣਾ ਕਿ ਉਹ ਉਦਾਸ ਨਾ ਹੋਏ; ਕਿਉਂਕਿ ਅਸੀਂ ਕਲਗੀਆਂ ਵਾਲੇ ਦੀ ਯਾਦ ਦਾ ਦਰਿਆ ਵਗਾ ਦਿੱਤਾ ਹੈ। ਆਖਣਾ ਕਿ ਦਸਮ ਪਾਤਸ਼ਾਹ ਦੀ ਮੁਹੱਬਤ ਦਾ ਚਸ਼ਮਾ ਫੁੱਟ ਚੁੱਕਾ ਹੈ ਤੇ ਅਸੀਂ ਸਾਬਤ ਸਿਦਕਵਾਨ ਹੋ ਕੇ ਕਿਸੇ ਅਦਿੱਖ ਸ਼ਾਂਤੀ ਤੇ ਸਹਿਜ ਵਿੱਚ ਮਕਤਲ ਵੱਲ ਜਾ ਰਹੇ ਹਾਂ। ਅਸੀਂ ਸਿਦਕ ਦੀ ਅਨੋਖੀ ਕਿਸ਼ਤੀ ਵਿੱਚ ਸਵਾਰ ਹਾਂ ਜਿੱਥੇ ਸਮੁੰਦਰ ਦੀਆਂ ਲਹਿਰਾਂ ਸਾਨੂੰ ਡੋਬਣ ਤੋਂ ਅਸਮਰੱਥ ਹਨ ।

# ਜ਼ਮੀਮਾਂ

'ਰਾਸ਼ਟਰਪਤੀ' ਜੀ ਹੇਠਾਂ ਅਸੀਂ ਉਹ ਤਸਵੀਰ ਪੇਸ਼ ਕਰਨ ਜਾ ਰਹੇ ਹਾਂ ਜੋ ਸਾਡੀ ਆਪਣੀ ਨਹੀਂ ਖਿੱਚੀ ਸਗੋਂ ਉਨ੍ਹਾਂ ਸੰਸਥਾਵਾਂ, ਜਥੇਬੰਦੀਆਂ ਅਤੇ ਵਿਅੱਕਤੀਆਂ ਨੇ ਪੇਸ਼ ਕੀਤੀ ਹੈ ਜਿੰਨਾਂ ਦਾ ਆਪਣੇ ਆਪਣੇ ਖੇਤਰ ਵਿੱਚ ਸਨਮਾਨਯੋਗ ਤੇ ਪ੍ਰਮਾਣੀਕ ਸਥਾਨ ਹੈ। ਇਹ ਲੋਕ ਸਿੱਧੇ ਤੌਰ ਉਤੇ ਜਾਂ ਜਜਬਾਤੀ ਰੂਪ ਵਿੱਚ ਵੀ ਸਾਡੀ ਲਹਿਰ ਨਾਲ ਸਬੰਧਿਤ ਨਹੀਂ। ਸਿਰਫ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਨੂੰ ਦੇਖਦਿਆਂ ਇਨਾਂ ਦੀਆਂ ਕਲਮਾਂ ਕੁਝ ਕਹਿਣ ਲਈ ਮਜਬੂਰ ਹੋਈਆਂ ਹਨ। ਸਾਡੀ ਇਹ ਤਮੰਨਾ ਹੈ ਕਿ ਤੁਸੀਂ ਵੀ ਇਸਦੇ ਦਰਸ਼ਨ ਕਰੋ ਤਾਂ ਜੋ ਤੁਹਾਨੂੰ ਪਤਾ ਲੱਗੇ ਕਿ ਤੁਹਾਡੀਆਂ ਫੌਜਾਂ ਸੁਰੱਖਿਆ ਫੋਰਸਾਂ ਅਤੇ ਪੁਲੀਸ ਨੇ ਸਿੰਘਾਂ ਉਤੇ ਤਸ਼ੱਦਦ ਦਾ ਕਿਹੋ ਜਿਹਾ ਦੌਰ ਸ਼ੁਰੂ ਕੀਤਾ ਹੋਇਆ ਹੈ। ਅਸੀਂ ਇਹ ਸਭ ਕੁਝ ਪੇਸ਼ ਕਰਕੇ ਤੁਹਾਡੇ ਕੋਲੋਂ ਹਮਦਰਦੀ ਨਹੀਂ ਮੰਗਦੇ ਅਤੇ ਨਾ ਹੀ ਅਸੀ ਇਹ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਉਤੇ ਤਰਸ ਕਰਕੇ ਪਛਤਾਵਾ ਕਰੋ, ਸਗੋਂ ਅਸੀਂ ਤਾਂ ਤੁਹਾਨੂੰ ਇਸ ਤਸਵੀਰ ਵਿੱਚ ਖੜ੍ਹਾ ਕਰਕੇ ਦੁਨੀਆਂ ਕੋਲੋਂ ਫੈਸਲਾ ਲੈਣਾ ਚਾਹੁੰਦੇ ਹਾਂ ਕਿ ਤੁਸਾਂ ਯੂ.ਐਨ.ਓ. ਦੇ ਮਾਨਵ ਅਧਿਕਾਰਾਂ ਬਾਰੇ ਐਲਾਨਨਾਮੇ, ਜਨੇਵਾ ਕਨਵੈਨਸ਼ਨ ਅਤੇ ਹੋਰ ਕਈ ਕੌਮਾਂਤਰੀ ਸੰਧੀਆਂ ਦਾ ਕਿੰਨਾ ਅਪਮਾਨ ਕੀਤਾ ਹੈ:

* ਪੁੱਛ-ਗਿੱਛ ਕਰਨ ਲਈ ਸਿੰਘਾਂ ਦੀਆਂ ਲੱਤਾਂ ਉਤੇ ਲੱਕੜ ਦੀ ਗੇਲੀ ਰੱਖ ਕੇ ਤੇ ਉਸ ਉਤੇ ਭਾਰ ਪਾ ਕੇ ਲੱਤਾਂ ਉਤੇ ਘੁਮਾਉਣਾ ।
* ਸਿੰਘਾਂ ਦੀਆਂ ਅੱਖਾਂ ਅਤੇ ਗੁਪਤ ਅੰਗਾਂ ਵਿੱਚ ਪੀਸੀਆਂ ਮਿਰਚਾਂ ਪਾਉਣੀਆਂ।
* ਸਿੰਘਾਂ ਨੂੰ ਛੱਤ ਨਾਲ ਪੁੱਠਾ ਲਟਕਾਉਣਾ ਜਦੋਂ ਤੱਕ ਉਹ ਬੇਹੋਸ਼ ਨਾ ਹੋ ਜਾਣ ।
* ਸਿੰਘਾਂ ਦੇ ਅੰਗਾਂ ਦੇ ਜੋੜਾਂ 'ਤੇ ਡੰਡੇ ਮਾਰਨਾ ।
* ਬਿਜਲੀ ਦੇ ਕਰੰਟ ਲਾਉਣੇ ।
* ਬੀਬੀਆਂ ਦੀ ਪੁੱਛ ਗਿੱਛ ਸਮੇਂ ਉਨ੍ਹਾਂ ਨੂੰ ਗੰਦੀਆਂ ਗਾਲ੍ਹਾਂ ਕੱਢਣੀਆਂ, ਤੇ ਲਿੰਗਕ ਤੌਰ 'ਤੇ ਜਲੀਲ ਕਰਨਾ ।
* ਬਜੁਰਗਾਂ ਦੇ ਸਾਹਮਣੇ ਧੀਆਂ ਪੁੱਤਰਾਂ ਅਤੇ ਧੀਆਂ ਪੁੱਤਰਾਂ ਦੇ ਸਾਹਮਣੇ ਬਜੁਰਗਾਂ ਨੂੰ ਅਤਿਆਚਾਰ ਦਾ ਸ਼ਿਕਾਰ ਬਨਾਉਣਾ।
* ਭੈਣਾਂ ਕੋਲੋਂ ਭਰਾਵਾਂ ਨੂੰ ਅਤੇ ਭਰਾਵਾਂ ਕੋਲੋਂ ਭੈਣਾਂ ਨੂੰ ਕੁਟਵਾਉਣਾ, ਨੌਜਵਾਨ ਲੜਕੀਆਂ ਨੂੰ ਨੰਗਾ ਕਰਕੇ ਕੁਟਾਪਾ ਚਾੜਨਾ, ਗੁਪਤ ਅੰਗਾਂ 'ਤੇ ਸੱਟਾਂ ਮਾਰਨੀਆਂ ਹਵਸ਼ ਦਾ ਸ਼ਿਕਾਰ ਬਨਾਉਣਾ ਤੇ ਗਰਭਵਤੀਆਂ ਦੇ ਗਰਭ ਡੇਗਣੇ।
* ਦੋਹਾਂ ਲੱਤਾਂ ਨੂੰ ਚੌੜਾ ਕਰਕੇ ਜੋੜਾਂ ਦਾ ਮਾਸ ਪਾੜਨਾ।
* ਤਸ਼ੱਦਦ ਦਾ ਸ਼ਿਕਾਰ ਵਿਅਕਤੀਆਂ ਨੂੰ ਪਿਆਸੇ ਰੱਖਣਾ, ਸਰਦੀਆਂ ਵਿੱਚ ਨੰਗੇ ਰੱਖਣਾ ਅਤੇ ਗਰਮੀਆਂ ਵਿੱਚ ਧੁੱਪੇ ਬਿਠਾਈ ਰੱਖਣਾ। ਕਈ ਕਈ ਦਿਨ ਸੌਣ ਨਾ ਦੇਣਾ ਅਤੇ ਇਕੱਲੇ ਨੂੰ ਕੋਠੜੀ ਵਿੱਚ ਬੰਦ ਕਰਨਾ।
* ਪਿੰਡਾਂ ਵਿੱਚ ਲੋਕਾਂ ਨੂੰ ਇਕੱਠੇ ਕਰਕੇ ਉਨ੍ਹਾਂ ਸਭਨਾਂ ਨੂੰ ਥੋਕ ਵਿੱਚ ਕੁੱਟਣਾ, ਗੰਦੀਆਂ ਗਾਲਾਂ ਕੱਢਣੀਆਂ।
* ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰੇ ਜਾਣ ਵਾਲੇ ਸਿੰਘਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਮਾਪਿਆਂ ਨੂੰ ਨਾ ਦੇਣੀਆਂ, ਕਿਉਂਕਿ ਸਿੰਘਾਂ ਦੀ ਲਾਸ਼ ਨੇ ਹੀ ਨੇ ਹੀ ਮੁਕਾਬਲੇ ਤੋਂ ਪਹਿਲਾਂ ਉਸ ਉਤੇ ਢਾਹੇ ਗਏ ਅਤਿਆਚਾਰ ਬਾਰੇ ਬੋਲ ਪੈਣਾ ਹੁੰਦਾ ਹੈ।
* ਹਸਪਤਾਲਾਂ ਦੇ ਡਾਕਟਰਾਂ ਕੋਲੋਂ ਮਨਮਰਜ਼ੀ ਦੀਆਂ ਰਿਪੋਰਟਾਂ ਤਿਆਰ ਕਰਵਾਉਣੀਆਂ ਅਤੇ ਲਾਸ਼ਾਂ ਨੂੰ ਲਾਵਾਰਸ ਕਰਾਰ ਦੇ ਕੇ ਫੂਕ ਦੇਣਾ।
* ਵਰੰਟਿਡ ਨੌਜਵਾਨਾਂ ਦੇ ਮਾਪਿਆਂ ਨੂੰ ਜ਼ਬਰ ਦਾ ਸ਼ਿਕਾਰ ਬਨਾਉਣਾ।
* ਜਦੋਂ ਕਿਸੇ ਇਲਾਕੇ ਵਿੱਚ ਵਾਰਦਾਤ ਹੋ ਜਾਵੇ ਤਾਂ ਉਸ ਇਲਾਕੇ ਦੇ ਸਾਰੇ ਨੌਜਵਾਨਾਂ ਦੇ ਮਾਪਿਆਂ ਨੂੰ ਬਿਨਾਂ ਕਿਸੇ ਕਸੂਰ ਤੋਂ ਤਸ਼ੱਦਦ ਦਾ ਸ਼ਿਕਾਰ ਬਨਾਉਣਾ।
* ਤਸ਼ੱਦਦ ਦੇ ਸਮੇਂ ਨਾ ਉਮਰ ਦਾ ਖਿਆਲ ਰੱਖਣਾ ਤੇ ਨਾ ਹੀ ਸਿਹਤ ਦਾ, ਨਾ ਕਿਸੇ ਦੇ ਜੀਣ ਦਾ ਤੇ ਨਾ ਹੀ ਕਿਸੇ ਦੇ ਜੀਣ ਦਾ ਤੇ ਨਾ ਹੀ ਕਿਸੇ ਦੇ ਮਰਨ ਦਾ। ਜੇ ਕੋਈ ਬਚ ਗਿਆ ਤਾਂ ਵਾਹ ਭਲੀ, ਜੇ ਮਰ ਗਿਆ ਤਾਂ ਵਾਹ ਭਲੀ, ਜੇ ਮਰ ਗਿਆ ਤਾਂ ਲਾਸ਼ ਚੁੱਕਕੇ ਥਾਣੇ ਤੋਂ ਬਾਹਰ ਸੁੱਟ ਦੇਣੀ ਅਤੇ ਕੁਝ ਕੁ ਗੋਲੀਆਂ ਮਾਰਕੇ ਇਕ ਖਤਰਨਾਕ ਅਤਿਵਾਦੀ ਦੇ ਪੁਲੀਸ ਮੁਕਾਬਲੇ ਵਿੱਚ ਮਾਰੇ ਜਾਣ ਦੀ ਅਖਬਾਰਾਂ ਨੂੰ ਖਬਰ ਦੇਣੀ।
* ਰੂਪੋਸ਼ ਨੌਜਵਾਨਾਂ ਦੇ ਘਰ ਢਾਹੁਣੇ, ਉਹਨਾਂ ਦਾ ਸਾਮਾਨ ਲੁੱਟ ਲੈਣਾ ਜਾਂ ਭੰਨ ਤੋੜ ਦੇਣਾ, ਫਸਲਾਂ ਉਜਾੜਨੀਆਂ ਤੇ ਨਵੀਆਂ ਫਸਲਾਂ ਦੀ ਬਿਜਾਈ ਰੋਕਣ ਲਈ ਬਿਜਲੀ ਦੀਆਂ ਮੋਟਰਾਂ ਚੁੱਕ ਲੈਣੀਆਂ।
* ਰੂਪੋਸ਼ ਨੌਜਵਾਨਾਂ ਦੇ ਮਾਪੇ ਹੀ ਨਹੀਂ, ਸਗੋਂ ਦੂਰ ਦੁਰਾਡੇ ਦੇ ਰਿਸ਼ਤੇਦਾਰਾਂ ਨੂੰ ਵੀ ਪੁਲੀਸ ਜਬਰ ਦਾ ਸ਼ਿਕਾਰ ਬਨਾਉਣਾ।
* ਕਈ ਥਾਵਾਂ 'ਤੇ ਲੋਕਾਂ ਦੇ ਬੇਜੁਬਾਨੇ ਮਾਲ-ਡੰਗਰ ਤੱਕ ਨੂੰ ਵੀ ਪੁਲੀਸ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਹੈ। ਪੂਰੇ ਦੇ ਪੂਰੇ ਪਰਿਵਾਰ ਨੂੰ ਅੱਗੇ ਲਾ ਕੇ ਥਾਣਿਆਂ ਵੱਲ ਤੋਰਨ ਤੋਂ ਪਿੱਛੋਂ ਪੁਲਸੀਏ ਪਿੰਡ ਵਾਲਿਆਂ ਨੂੰ ਧਮਕਾ ਜਾਂਦੇ ਹਨ ਕਿ ਜੇਕਰ ਕਿਸੇ ਇਨ੍ਹਾਂ ਦੇ ਮਾਲ ਡੰਗਰ ਨੂੰ ਪੱਠੇ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਖੈਰ ਨਹੀਂ ਹੈ। ਇੰਝ ਕਿੱਲਿਆਂ 'ਤੇ ਬੱਝੇ, ਭੁੱਖੇ ਤਿਹਾਏ ਪਸ਼ੂ ਕੁੱਝ ਦਿਨਾਂ ਪਿੱਛੋਂ ਦਮ ਤੋੜ ਜਾਂਦੇ ਹਨ।
* ਰੂਪੋਸ਼ ਨੌਜਵਾਨਾਂ ਦੇ ਪੂਰੇ ਪਿੰਡ ਨੂੰ ਹੀ ਕੁਟਾਪਾ ਚਾੜ੍ਹਨਾ।
* ਪੁਛਗਿਛ ਕੇਂਦਰਾਂ, ਜਿਨਾਂ ਨੂੰ ਬੁੱਚੜਖਾਨੇ ਕਹਿਣਾ ਵਧੇਰੇ ਬਿਹਤਰ ਹੋਏਗਾ ਵਿੱਚ ਸਿੰਘਾਂ ਨੂੰ ਘੋਟਣੇ ਲਾਉਣੇ, ਗੁਪਤ ਅੰਗਾਂ 'ਤੇ ਬਿਜਲੀ ਦੇ ਸ਼ਾਕ ਲਾਉਣੇ ਤਾਂ ਜੋ ਨੌਜਵਾਨ ਔਲਾਦ ਪੈਦਾ ਕਰਨ ਦੇ ਹੀ ਯੋਗ ਨਾ ਰਹਿਣ । ਟੱਟੀ ਵਾਲੀ ਥਾਂ ਮਿਰਚਾਂ ਲਿਬੜੇ ਡੰਡੇ ਧੱਕ ਦੇਣੇ, ਮਨੁੱਖੀ ਮਲ ਮੂਤਰ ਨੂੰ ਮੂੰਹਾਂ ਨਾਲ ਬੰਨ੍ਹਣਾ, ਲੱਤਾਂ ਖਿਚ-ਖਿਚ ਕੇ ਚੱਡੇ ਪਾੜਨੇ, ਹੱਥਾਂ ਪੈਰਾਂ ਦੇ ਨਹੁੰ ਪੁਟ ਦੇਣੇ, ਲੱਤਾਂ ਬਾਹਾਂ ਵਿੱਚ ਚੀਰ ਦੇ ਕੇ ਲੂਣ ਪਾਉਣਾ, ਲੋਹੇ ਦੇ ਸਰੀਏ ਗਰਮ ਕਰਕੇ ਜਾਂ ਬਿਜਲੀ ਵਾਲੀਆਂ ਪ੍ਰੈਸਾਂ ਗਰਮ ਕਰਕੇ ਮਾਸ ਸਾੜ ਦੇਣਾ ਤਾਂ ਤੁਹਾਡੇ ਜਲਾਦਾਂ ਲਈ ਆਮ ਗੱਲ ਹੈ ।
* ਝੂਠੇ ਕੇਸ ਪਾਉਣੇ ਤੇ ਛੱਡਣ ਲਈ ਹਜ਼ਾਰਾਂ ਰੁ: ਦੀ ਰਿਸ਼ਵਤ ਲੈ ਕੇ ਛੱਡਣਾ ।
* ਜੇ ਕੋਈ ਅਖਬਾਰ ਜਾਂ ਰਸਾਲਾ ਪੁਲੀਸ ਦੇ ਅਤਿਆਚਾਰਾਂ ਦਾ ਪਰਚਾਰ ਕਰੇ ਤਾਂ ਉਸਦੇ ਸੰਪਾਦਕ ਉਤੇ ਕੇਸ ਦਰਜ ਕਰਨੇ ਅਤੇ ਅਖਬਾਰਾਂ ਉਤੇ ਅਣਐਲਾਨੀ ਸੈਂਸਰਸ਼ਿਪ ਲਾਉਣੀ।
* ਮਨੁੱਖੀ ਅਧਿਕਾਰਾਂ ਦੀ ਰਾਖੀ ਨਾਲ ਸਬੰਧਿਤ ਜਥੇਬੰਦੀਆਂ ਦੇ ਸ਼ਾਂਤੀ ਦੇ ਪੂਰਵਕ ਰੋਸ ਪ੍ਰਗਟ ਕਰਨ ਉਤੇ ਵੀ ਪਾਬੰਦੀ ਲਾ ਦੇਣੀ । 15 ਅਗਸਤ ਤੇ 30 ਸਤੰਬਰ ਦੇ ਸ਼ਾਂਤੀ ਪੂਰਵਕ ਘਿਰਾਓ ਇਸ ਦੀਆਂ ਪਰਤੱਖ ਮਿਸਾਲਾਂ ਹਨ।
* ਆਪਣੇ ਜਬਰ ਨੂੰ ਕੁਫਰ ਦੇ ਨਾਲ ਮਿਲਾ ਕੇ ਚਲਾਉਣਾ ਅਰਥਾਤ ਜਬਰ ਉਤੇ ਪਰਦਾਪੋਸ਼ੀ ਕਰਨ ਲਈ ਰੇਡੀਓ, ਟੀ.ਵੀ. ਤੇ ਅਖਬਾਰਾਂ ਦੀ ਰੱਜ ਕੇ ਵਰਤੋਂ ਕਰਨੀ ਤੇ ਇਸ ਤਰ੍ਹਾਂ ਦੇਸ਼ ਤੇ ਵਿਦੇਸ਼ ਵਿੱਚ ਸਿੱਖ ਕੌਮ ਵਿਰੁੱਧ ਜ਼ਹਿਰੀਲਾ ਤੇ ਘਿਨਾਉਣਾ ਪਰਚਾਰ ਵਿੱਢਣਾ।
* ਜਰਾਇਮ ਪੇਸ਼ਾ ਗੁੰਡੇ ਗਰੋਹਾਂ ਨੂੰ ਇਕੱਠੇ ਕਰਨਾ, ਖਾੜਕੂ ਲਹਿਰ ਵਿੱਚ ਉਨ੍ਹਾਂ ਦੀ

ਘੁਸਪੈਠ ਕਰਾਉਣਾ ਅਤੇ ਫਿਰ ਇਹੋ ਜਿਹੇ ਅਨਸਰਾਂ ਦੀ ਮੱਦਦ ਨਾਲ ਇਨਕਲਾਬੀ ਕਾਰਕੁਨਾਂ ਨੂੰ ਫੜਾਉਣਾ, ਮਾਰ ਮੁਕਾਉਣਾ ਅਤੇ ਉਨਾਂ ਦੇ ਸਮਰਥਕਾਂ ਦਾ ਪਤਾ ਲਾਉਣਾ। ਇਹੋ ਜਿਹੇ ਅਨਸਰਾਂ ਕੋਲੋਂ ਇਹੋ ਜਿਹੇ ਕੰਮ ਕਰਾਉਣੇ ਤੇ ਫਿਰ ਇਹ ਕੰਮ ਸਿੰਘਾਂ ਦੇ ਨਾਮ ਮੜ੍ਹਕੇ ਸਿੰਘਾਂ ਨੂੰ ਆਮ ਲੋਕਾਂ ਵਿੱਚ ਬਦਨਾਮ ਕਰਵਾਉਣਾ ਤੇ ਸਿੱਖ ਲਹਿਰ ਦਾ ਨਕਸ਼ ਵਿਗਾੜਨਾ। ਇਨਾਂ ਗਰੋਹਾਂ ਨੂੰ ਲੋਕਾਂ ਦੀ ਬੋਲੀ ਵਿੱਚ 'ਕਾਲੀਆਂ ਬਿੱਲੀਆਂ' ਕਿਹਾ ਜਾਂਦਾ ਹੈ। 'ਕਾਲੀਆਂ ਬਿੱਲੀਆਂ' ਦੇ ਇਨਾਂ ਗਰੋਹਾ ਨੂੰ ਐਸ.ਐਸ.ਪੀ. ਇਜ਼ਹਾਰ ਆਲਮ ਦੇ ਨਾਂਅ 'ਤੇ "ਆਲਮ ਸੈਨਾ" ਕਿਹਾ ਜਾਂਦਾ ਸੀ। ਇਹੋ ਗਰੋਹ "ਪੰਥਕ ਟਾਈਗਰਜ਼ ਫੋਰਸ" ਅਤੇ "ਰੈਡ ਬਰਗੇਡ" ਹੇਠ ਵੀ ਕੰਮ ਕਰਦੇ ਸਨ । "ਪੰਥਕ ਟਾਈਗਰਜ ਫੋਰਸਾਂ" ਨਾਂਅ ਆਲਮ ਨੇ ਇਸ ਲਈ ਰਖਿਆ ਕਿਉਂਕਿ ਆਲਮ ਇਨਾਂ ਰਾਹੀਂ ਗੁਰਦੁਆਰਿਆਂ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ ਅਤੇ ਅਜਿਹਾ ਕਰਨ ਲਈ ਅਜਿਹੇ ਨਾਂਅ ਦੀ ਜਰੂਰਤ ਸੀ ਜੋ ਲੋਕਾਂ ਨੂੰ "ਪੰਥਕ" ਲਗੇ। ਕਾਲੀਆਂ ਬਿੱਲੀਆਂ ਦੇ ਦਸਤਿਆਂ ਬਾਰੇ ਆਲਮ ਤੇ ਪੁਲਿਸ ਦੇ ਡਾਇਰੈਕਟਰ ਜਨਰਲ ਨੇ ਖੁਦ ਮੰਨਿਆ ਹੈ। ਕੇ.ਪੀ.ਐਸ.ਗਿੱਲ ਨੇ ਇੰਡੀਆ ਟੁਡੇ ਨਾਲ 15 ਸਤੰਬਰ 1988 ਨੂੰ ਇਕ ਇੰਟਰਵਿਊ ਵਿੱਚ ਬੜੀ ਵਡਿਆਈ ਨਾਲ ਇਹ ਬੇਸ਼ਰਮੀ ਭਰਿਆ ਐਲਾਨ ਕੀਤਾ : "ਪੰਜਾਬ ਅੰਦਰ ਸੁਰੱਖਿਆ ਦਲ ਖੁਫੀਆ ਦਸਤਿਆਂ (ਕਾਲੀਆਂ ਬਿਲੀਆਂ) ਤੋਂ ਬਿਨਾਂ ਕੁਝ ਵੀ ਨਹੀਂ ਕਰ ਸਕਦੇ। ਇਸ ਲਈ ਅਜਿਹੇ ਦਸਤਿਆਂ ਨੂੰ ਖਤਮ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

ਹਰਿਮੰਦਰ ਸਾਹਿਬ ਵਿੱਚ ਘਿਰੇ ਹਜ਼ਾਰਾਂ ਨਿਰਦੋਸ਼ ਯਾਤਰੂਆਂ, ਬੱਚਿਆਂ, ਬਜੁਰਗਾਂ ਤੇ ਔਰਤਾਂ ਦਾ ਕਤਲੇਆਮ ਕੀਤਾ, ਉਨ੍ਹਾਂ ਨੂੰ ਭੁੱਖੇ ਪਿਆਸੇ ਰੱਖ ਕੇ ਖਤਮ ਕੀਤਾ। ਸਮੁੱਚੇ ਪੰਜਾਬ ਵਿੱਚ ਕਰਫਿਊ ਲਾ ਕੇ ਲੋਕਾਂ ਦਾ ਤੁਰਨਾ ਫਿਰਨਾ ਵੀ ਬੰਦ ਕਰ ਦਿੱਤਾ ਤੇ ਇੰਜ ਸਮੁੱਚੇ ਪੰਜਾਬ ਨੂੰ ਇਕ ਵੱਡੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ। ਆਪਣੇ ਫੌਜੀ ਬੁਲੇਟਨ ਵਿੱਚ ਸਭ ਅੰਮ੍ਰਿਤਧਾਰੀ ਸਿੰਘਾਂ ਨੂੰ ਦਹਿਸ਼ਤਗਰਦ ਕਰਾਰ ਦਿੱਤਾ। ਫੌਜ ਨੇ ਪੰਜਾਬ ਵਿੱਚ ਗੁਰਧਾਮਾਂ ਦੀ ਬੇਅਦਬੀ ਕੀਤੀ ਅਤੇ ਲੋਕਾਂ ਉਤੇ ਉਹ ਜੁਲਮ ਕੀਤੇ ਕਿ ਇਕ ਵਾਰ ਤਾਂ ਅਬਦਾਲੀ ਦੀ ਰੂਹ ਵੀ ਸ਼ਰਮਸਾਰ ਹੋ ਗਈ ਹੋਵੇਗੀ।

* ਭਾਰਤੀ ਫੌਜ ਨੇ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਪੰਜਾਬ ਦੇ ਹੋਰ ਗੁਰਧਾਮਾਂ ਉਤੇ ਇਕੋ ਸਮੇਂ ਕੀਤੇ ਹਮਲੇ ਸਮੇਂ ਜਨੇਵਾ ਕਨਵੈਨਸ਼ਨ ਦੀਆਂ ਸਥਾਪਤ ਰਵਾਇਤਾਂ, ਮਾਨਵ ਅਧਿਕਾਰਾਂ ਬਾਰੇ ਯੂ.ਐਨ.ਓ ਦੇ ਐਲਾਨਨਾਮੇ ਤੇ ਜੰਗਾਂ ਬਾਰੇ ਕੌਮਾਂਤਰੀ ਸੰਧੀਆਂ ਦੀ ਕੋਈ ਵੀ ਧਾਰਾ ਨਹੀਂ ਛੱਡੀ ਜਿਸ ਦਾ ਅਪਮਾਨ ਨਾ ਕੀਤਾ ਹੋਵੇ। ਭਾਰਤੀ ਫੌਜ ਦਾ ਰਵੱਇਆ ਇਸ ਤਰ੍ਹਾਂ ਸੀ ਜਿਵੇਂ ਉਹ ਕਿਸੇ ਵਿਦੇਸ਼ੀ ਦਾ ਮੁਕਾਬਲਾ ਕਰ ਰਹੀ ਸੀ। ਅਸੀਂ ਕੁਝ ਮਿਸਾਲਾਂ ਦੇ ਕੇ ਮੰਗ ਕਰਦੇ ਹਾਂ ਕਿ ਭਾਰਤੀ ਫੌਜ ਦੇ ਵਿਵਹਾਰ ਲਈ ਕੌਮਾਂਤਰੀ ਅਦਾਲਤ ਵਿੱਚ ਉਸ ਉਤੇ ਮੁਕੱਦਮੇ ਚਲਾਏ ਜਾਣ ਤਾਂ ਜੋ ਇਖਲਾਕ ਤੇ ਧਰਮ ਦੀਆਂ ਉਚੀਆਂ ਸੁਚੀਆਂ ਰਵਾਇਤਾਂ ਦੀ ਪਾਲਣਾ ਕਰਨ ਦਾ ਦਾਅਵਾ ਕਰਨ ਵਾਲੀ ਹਿੰਦੂ ਫਿਰਕਾਪ੍ਰਸਤ ਸਰਕਾਰ ਦਾ ਭਾਂਡਾ ਚੌਰਾਹੇ ਵਿੱਚ ਭੰਨਿਆ ਜਾਏ।

* ਫੌਜੀ ਹਮਲੇ ਸਮੇਂ ਦਰਬਾਰ ਸਾਹਿਬ ਦੇ ਦਰਸ਼ਨਾ ਲਈ ਗਏ ਲੋਕਾਂ ਅਤੇ ਸ਼ਹੀਦੀ ਪੁਰਬ 'ਤੇ ਜੁੜੀਆਂ ਸੰਗਤਾਂ ਨੂੰ ਜਨੇਵਾ ਕਨਵੈਨਸ਼ਨ ਅਧੀਨ ਕੋਈ ਸੁਰੱਖਿਆ ਪ੍ਰਦਾਨ ਨਾ ਕੀਤੀ ਗਈ।

* ਪੱਤਰਕਾਰਾਂ ਨੂੰ ਦਰਬਾਰ ਸਾਹਿਬ 'ਚ ਜਾਣਦੀ ਮਨਾਹੀ ਕਰ ਦਿੱਤੀ ਗਈ । ਵਿਦੇਸ਼ੀ ਪੱਤਰਕਾਰਾਂ ਨੂੰ ਬਾਹਰ ਕੱਢ ਦਿੱਤਾ ਗਿਆ ਤਾਂ ਜੋ ਉਹ ਭਾਰਤੀ ਫੌਜ ਦੇ ਅਤਿਆਚਾਰਾਂ ਦੇ ਚਸ਼ਮਦੀਦ ਗਵਾਹ ਨਾ ਬਣ ਸਕਣ।

* ਪੰਜਾਬ ਦੇ ਵੱਖ ਵੱਖ ਭਾਗਾਂ ਅਤੇ ਹਰਿਮੰਦਰ ਸਾਹਿਬ 'ਤੇ ਕੀਤੇ ਜਾ ਰਹੇ ਫੌਜੀ ਅਪਰੇਸ਼ਨ ਬਾਰੇ ਲੋਕਾਂ ਨੂੰ ਹਰ ਕਿਸਮ ਦੀ ਜਾਣਕਾਰੀ ਤੋਂ ਮਹਿਰੂਮ ਕਰਨ ਲਈ ਅਖਬਾਰਾਂ ਉਤੇ ਸੈਂਸਰਸ਼ਿੱਪ ਲਾ ਦਿੱਤੀ ਗਈ।

* ਪਰ ਕਿਉਂਕਿ ਕਈ ਵਾਰ ਸਚਾਈ ਲੋਕਾਂ ਦੇ ਮੂੰਹੋਂ ਮੂੰਹ ਵੀ ਪਹੁੰਚ ਜਾਂਦੀ ਹੈ। ਇਸ ਲਈ ਇਸ ਕਿਸਮ ਦੀ ਜਾਣਕਾਰੀ ਨੂੰ ਰੋਕਣ ਲਈ ਪੰਜਾਬ ਵਲ ਤੇ ਪੰਜਾਬ ਵਲੋਂ ਸਾਰੀ ਟਰੈਫਿਕ ਰੋਕ ਦਿੱਤੀ ਗਈ।

* ਸਮੁੱਚੇ ਪੰਜਾਬ ਵਿੱਚ ਕਰਫਿਊ ਲਗਾ ਦਿੱਤਾ ਗਿਆ।

* ਭਾਰਤੀ ਫੌਜ ਵਲੋਂ ਧਾਵਾ ਕੋਈ ਛੋਟਾ ਮੋਟਾ ਨਹੀਂ ਸੀ ਸਗੋਂ ਇਹ ਵੱਡੇ ਪੈਮਾਨੇ ਉਤੇ ਸੀ। ਇਸ ਵਿੱਚ ਥਲ ਸੈਨਾ, ਜਲ ਸੈਨਾ ਤੇ ਹਵਾਈ ਸੈਨਾ ਤਿੰਨਾਂ ਦੀ ਹੀ ਵਰਤੋਂ ਕੀਤੀ ਗਈ।

* ਲੜਾਈ ਵਿੱਚ ਭਾਰਤੀ ਫੌਜ ਨੇ ਭਾਰੀ ਗੰਨਾਂ ਤੇ ਟੈਂਕਾਂ ਦੀ ਵਰਤੋਂ ਕੀਤੀ ਤਾਂ ਜੋ ਉਹਨਾਂ ਇਮਾਰਤਾਂ ਨੂੰ ਉਡਾਇਆ ਜਾਏ ਜਿੰਨਾਂ ਵਿੱਚ ਸ਼ਰਨ ਲੈ ਕੇ ਅੰਦਰ ਘਿਰੇ ਹੋਏ ਲੋਕ ਆਪਣਾ ਬਚਾ ਕਰ ਸਕਦੇ ਸਨ।

* ਫੌਜ ਦੀ ਗੋਲੀਬਾਰੀ ਏਨੀ ਜਬਰਦਸਤ ਸੀ ਕਿ ਹਰਿਮੰਦਰ ਸਾਹਿਬ ਦੇ ਇਰਦ ਗਿਰਦ ਹਜ਼ਾਰਾਂ ਇਮਾਰਤਾਂ ਮਲਬੇ ਦਾ ਢੇਰ ਬਣ ਗਈਆਂ । ਸਰਕਾਰ ਦੇ ਆਪਣੇ ਅੰਦਾਜ਼ੇ ਅਨੁਸਾਰ 800 ਮਕਾਨ ਤੇ ਦੁਕਾਨਾਂ ਨਸ਼ਟ ਕੀਤੀਆਂ ਗਈਆਂ।

* ਫੌਜ ਨੇ ਜਿੰਨਾਂ ਲੋਕਾਂ ਨੂੰ ਤੋਪਾਂ ਦਾ ਨਿਸ਼ਾਨਾ ਬਣਾਇਆ ਉਹ ਕੋਈ ਵਿਦੇਸ਼ੀ ਫੌਜ ਨਹੀਂ ਸਨ ਸਗੋਂ ਗਰੰਥੀਆਂ, ਸ਼ਰਧਾਲੂਆਂ, ਯਾਤਰੂਆਂ, ਔਰਤਾਂ, ਬਜੁਰਗਾਂ ਤੇ ਬੱਚੇ ਜਾਂ ਕੁੱਝ ਖਾੜਕੂ ਸਨ ਜਿੰਨਾਂ ਨੂੰ ਭਾਰਤ ਸਰਕਾਰ ਦਹਿਸ਼ਤਗਰਦ ਆਖਦੀ ਹੈ।

*ਦਰਬਾਰ ਸਾਹਿਬ ਦੀ ਅੰਦਰਲੀ ਤਾਜਾ ਸਥਿਤੀ ਦਾ ਜਾਇਜਾ ਲੈਣ ਲਈ ਕਿਸੇ ਨਿਰਪੱਖ ਦਰਸ਼ਕ ਨੂੰ ਜਾਣ ਦੀ ਇਜਾਜਤ ਨਹੀਂ ਦਿੱਤੀ ਗਈ।

*ਲੜਾਈ ਵਿੱਚ ਜਖ਼ਮੀ ਫੌਜੀਆਂ ਲਈ ਤਾਂ ਹਰ ਤਰ੍ਹਾਂ ਦੀ ਸਹਾਇਤਾ ਤੇ ਸਹੂਲਤ ਸੀ ਪਰ ਦੂਜੀ ਧਿਰ ਦੇ ਜਖ਼ਮੀਆਂ ਨੂੰ ਕੋਈ ਡਾਕਟਰੀ ਸਹੂਲਤ ਨਹੀਂ ਸੀ। ਜਿਹਨਾਂ ਲੋਕਾਂ ਨੂੰ ਕੈਦੀ ਬਣਾਇਆ ਗਿਆ, ਉਹਨਾਂ ਦੀ ਗਿਣਤੀ ਵੀ ਥੋੜੀ ਸੀ। ਇਸ ਤੋਂ ਇਹ ਸ਼ੱਕ ਕਰਨ ਦੀ ਚੋਖੀ ਗੁੰਜਾਇਸ਼ ਹੈ ਕਿ ਭਾਰਤ ਫੌਜ ਨੇ ਘਿਰੇ ਹਜ਼ਾਰਾਂ ਲੋਕਾਂ ਨੂੰ ਕੈਦੀ ਬਨਾਉਣ ਦੀ ਥਾਂ ਜਾਂ ਜਖ਼ਮੀਆਂ ਦਾ ਇਲਾਜ ਕਰਨ ਦੀ ਵਿਹਲ ਤੋਂ ਮੁਕਤ ਹੋਣ ਲਈ ਉਹਨਾਂ ਸਭਨਾਂ ਨੂੰ ਮੌਕੇ 'ਤੇ ਖਤਮ ਕਰਨਾ ਹੀ ਬਿਹਤਰ ਸਮਝਿਆ।

* ਲੜਾਈ ਵਿੱਚ ਮਰੇ ਮ੍ਰਿਤਕ ਸ਼ਰਧਾਲੂਆਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਤੇ ਹੋਰ ਧਾਰਮਿਕ ਰਸਮਾਂ ਪੂਰੀਆਂ ਕਰਨ ਦੀ ਲੋੜ ਹੀ ਨਹੀਂ ਸਮਝੀ ਗਈ।

* ਲਾਸ਼ਾਂ ਦਾ ਅੰਤਿਮ ਸੰਸਕਾਰ ਕਰਨ ਤੋਂ ਪਹਿਲਾਂ ਉਹਨਾਂ ਦੀ ਸ਼ਨਾਖਤ ਨਹੀਂ ਕੀਤੀ ਗਈ ਅਤੇ ਨਾ ਹੀ ਰਿਸ਼ਤੇਦਾਰਾਂ ਨੂੰ ਆਪਣੇ ਮ੍ਰਿਤਕ ਸਬੰਧੀਆਂ ਦੀ ਪਹਿਚਾਣ ਕਰਨ ਲਈ ਕੋਈ ਜਾਣਕਾਰੀ ਦਿੱਤੀ। ਕਿਉਂਕਿ ਪੂਰਾ ਪੰਜਾਬ ਕਰਫਿਊ ਦੀ ਲਪੇਟ ਵਿੱਚ ਸੀ, ਇਸ ਲਈ ਕੋਈ ਵੀ ਸਕਾ ਸਬੰਧੀ ਉਥੇ ਪਹੁੰਚ ਨਾ ਸਕਿਆ।

* ਜਿਹਨਾਂ ਲਾਸ਼ਾਂ ਦੀ ਪਚਿਾਨ ਵੀ ਹੋ ਗਈ, ਉਹ ਲਾਸ਼ਾਂ ਸਬੰਧਿਤ ਰਿਸ਼ਤੇਦਾਰਾਂ ਨੂੰ ਨਾ ਭੇਜ ਕੇ ਜਨੇਵਾ ਕਨਵੈਨਸ਼ਨ ਦੀਆਂ ਰਵਾਇਤਾਂ ਦਾ ਅਪਮਾਨ ਕੀਤਾ । ਇਸ ਜ਼ੁਲਮੀ ਹਨੇਰੀ ਵਿੱਚ ਮਿਰਤਕ ਜਾਂ ਮਿਰਤਕ ਬਨਣ ਦੇ ਚਾਹਵਾਨ ਹੀ ਮਿਰਤਕਾਂ ਦੀਆਂ ਅੰਤਮ ਰਸਮਾਂ ਲਈ ਬਾਕੀ ਬਚੇ ਸਨ।

*ਮਿਰਤਕਾਂ ਦੀਆਂ ਲਾਸ਼ਾਂ ਦੇ ਅੰਤਮ ਸੰਸਕਾਰ ਲਈ ਭਾਰਤੀ ਫੌਜ ਨੇ ਕਿਸੇ ਸਤਿਕਾਰ ਜਾਂ ਅਦਬ ਦੀ ਜ਼ਰੂਰਤ ਨਹੀਂ ਸਮਝੀ।

*ਸਭ ਲਾਸ਼ਾਂ ਨੂੰ ਇੱਕ ਢੇਰ ਉਤੇ ਰੱਖ ਕੇ ਅੱਗ ਦੇ ਭੇਟ ਕਰ ਦਿੱਤਾ ਗਿਆ ਅਤੇ ਇਹ ਨਾ ਵੇਖਿਆ ਗਿਆ ਕਿ ਇਹਨਾਂ ਮ੍ਰਿਤਕਾਂ ਵਿੱਚ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਏ ਮੁਸਲਮਾਨ ਵੀ ਹੋ ਸਕਦੇ ਹਨ ਜਿਹਨਾਂ ਨੂੰ ਅਗਨ ਭੇਟ ਕਰਨਾ ਇਸਲਾਮ ਦੇ ਸਿਧਾਤਾਂ ਅਨੁਸਾਰ ਕਿੰਨੀ ਘੋਰ ਉਲੰਘਣਾ ਤੇ ਪਾਪ ਹੈ। ਇੰਝ ਅੰਤਮ ਰਸਮ ਕਰਨ ਸਮੇਂ ਇਹ ਵੇਖਿਆ ਹੀ ਨਹੀਂ ਗਿਆ ਕਿ ਮ੍ਰਿਤਕਾਂ ਦਾ ਕੀ ਧਰਮ ਸੀ ਅਤੇ ਉਸ ਦੀ ਅੰਤਮ ਰਸਮ ਕਿਵੇਂ ਅਦਾ ਕਰਨੀ ਹੈ।

* ਮ੍ਰਿਤਕਾਂ ਦੀ ਸੂਚੀ ਬਾਰੇ ਕੋਈ ਵੀ ਜਾਣਕਾਰੀ ਕਿਸੇ ਕੌਮਾਂਤਰੀ ਅਦਾਰੇ ਤੱਕ ਜਾਂ ਰੈਡ ਕਰਾਸ ਤੱਕ ਪਹੁੰਚਾਉਣ ਦੀ ਲੋੜ ਨਹੀਂ ਸਮਝੀ ਗਈ ।

* ਫੌਜ ਵੱਲੋਂ ਢਾਹੇ ਏਨੇ ਵੱਡੇ ਕਹਿਰ ਦੀ ਜਾਚ ਲਈ ਕੋਈ ਕਮਿਸ਼ਨ ਤੱਕ ਨਹੀਂ ਬਿਠਾਇਆ ਗਿਆ ਹਾਲਾਂ ਕਿ ਬਰਤਾਨਵੀ ਹਾਕਮਾਂ ਨੇ ਜਲਿਆਂ ਵਾਲੇ ਬਾਗ ਦੇ ਸਾਕੇ ਦੀ ਜਾਂਚ ਲਈ ਵੀ ਹੰਟਰ ਕਮਿਸ਼ਨ ਦੀ ਨਿਯੁਕਤੀ ਕੀਤੀ ਸੀ। ਪੰਜਾਬ ਤੇ ਕੇਂਦਰ ਸਰਕਾਰ ਨੇ ਫੌਜੀ ਵਧੀਕੀਆਂ ਉਤੇ ਪਰਦਾ ਪਾਉਣ ਲਈ ਹਰ ਕਦਮ ਚੁੱਕਿਆ ਤੇ ਰਿਪੋਰਟਿੰਗ ਕਰਨ ਦੀ ਖੁੱਲ ਨਹੀਂ ਦਿੱਤੀ ਗਈ।

ਸੁਖਦੇਵ ਸਿੰਘ  
ਹਰਜਿੰਦਰ ਸਿੰਘ  
ਪੂਨਾ ਜੇਲ੍ਹ ਮਹਾਂਰਾਸ਼ਟਰ, 4 ਮਈ, 1990

# ਨਿਆਂ ਦੀ ਖਾਤਰ ਦੁਖੜੇ ਸਹਿਣੇ ਹੀ ਪੈਂਦੇ ਹਨ

ੴ ਸਤਿਗੁਰ ਪ੍ਰਸਾਦਿ

ਸਤਿਕਾਰ ਯੋਗ ਭਾਈ ਸਾਹਿਬ ਬਿਹਾਰੀ ਲਾਲ ਸਿੰਘ ਜੀ ਅਤੇ ਸਮੂਹ ਪਰਿਵਾਰ ਜੀਉ,  
ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

ਪ੍ਰਮਾਤਮਾ ਦੀ ਮੇਹਰ ਸਦਕਾ ਅਸੀਂ ਸਾਰੇ ਵੀਰ ਚੜ੍ਹਦੀ ਕਲਾ ਵਿੱਚ ਹਾਂ । ਆਪ ਜਿਹੇ ਕੌਮੀ ਪਰਿਵਾਰਾਂ ਦੀ ਚੜ੍ਹਦੀ ਕਲਾ ਹਰ ਵਕਤ ਲੋਚਦੇ ਹਾਂ।

ਭਾਈ ਸਾਹਿਬ ਜੀ ਕੱਲ ਹੀ ਆਪ ਜੀ ਦੀ ਲਿਖੀ ਚਿੱਠੀ ਮਿਲੀ। ਪੜ੍ਹਕੇ ਬਹੁਤ ਹੀ ਜ਼ਿਆਦਾ ਦੁੱਖ ਹੋਇਆ ਕਿ ਆਪ ਜੀ ਦੀ ਕਿਸੇ ਨੇ ਵੀ ਸਹਾਇਤਾ ਨਹੀਂ ਕੀਤੀ। ਸਾਨੂੰ ਆਪ ਜੀ ਦੇ ਪਰਿਵਾਰ ਦੀ ਕੁਰਬਾਨੀ 'ਤੇ ਫ਼ਖ਼ਰ ਹੈ ਜਿਸ ਨੇ ਪੰਥ ਲਈ ਹੱਸ ਹੱਸ ਜਾਨਾਂ ਵਾਰੀਆਂ। ਇਸ ਪਾਪਾਂ ਤੇ ਬੁਰਾਈਆਂ ਨਾਲ ਭਰੀ ਦੁਨੀਆਂ ਵਿੱਚ ਪ੍ਰਭੂ ਦੇ ਪਿਆਰਿਆਂ ਨੂੰ ਨਿਆਂ ਦੀ ਖਾਤਰ ਦੁਖੜੇ ਸਹਿਣੇ ਹੀ ਪੈਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਅਨੁਸਾਰ ਸੱਚਾ ਸੂਰਬੀਰ ਉਹੀ ਹੈ ਜੋ ਸੱਚ ਦਾ ਝੰਡਾ ਝੁਲਾਉਣ ਲਈ ਮੈਦਾਨ ਵਿੱਚ ਨਿੱਤਰਦਾ ਹੈ ਤੇ ਰਣਭੂਮੀ ਵਿੱਚ ਪਿੱਠ ਨਹੀਂ ਵਿਖਾਉਂਦਾ ਸਿੱਖਾਂ ਦੀਆਂ ਕੁਰਬਾਨੀਆਂ ਅਤੇ ਤਸੀਹੇ ਸਹਿਣ ਦਾ ਇਤਿਹਾਸ ਬੜਾ ਹੀ ਮਹੱਤਵਪੂਰਨ ਹੈ। ਸਿੱਖਾਂ ਦਾ ਗੁਰੂ ਵਿੱਚ ਨਿਸਚਾ ਤੇ ਰੱਬ 'ਤੇ ਪੂਰਾ-ਪੂਰਾ ਵਿਸਵਾਸ਼ ਬੜਾ ਹੀ ਦ੍ਰਿੜ ਹੈ। ਸਿੱਖ ਨਿਸ਼ਕਾਮ ਸੇਵਾ ਵਿੱਚ ਯਕੀਨ ਰੱਖਦੇ ਹਨ। ਸ਼ੁਰੂ ਤੋਂ ਲੈ ਕੇ ਅੱਜ ਤੱਕ ਸਿੱਖਾਂ ਨੂੰ ਖਤਮ ਕਰਨ ਲਈ ਹਕੂਮਤਾਂ ਵਲੋਂ ਜਗ੍ਹਾ-ਜਗ੍ਹਾ ਕਤਲਾਮ ਕੀਤਾ ਗਿਆ ਪਰ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦੀ ਪਾ ਕੇ ਵੀ ਸਿੱਖ ਚੜ੍ਹਦੀ ਕਲਾ ਵਿੱਚ ਵਿਚਰਦੇ ਰਹੇ। ਸਿੱਖਾਂ ਦਾ ਵਿਸ਼ਵਾਸ਼ ਹੈ ਕਿ ਹਰ ਕੁਰਬਾਨੀ ਪਿੱਛੋਂ ਉਹ ਹੋਰ ਵੀ ਬਲਵਾਨ ਹੋ ਕੇ ਚਮਕਣਗੇ । ਇੰਜ ਹੀ ਹੋਇਆ ਹੈ ਤੇ ਅੱਜ ਵੀ ਹੋ ਰਿਹਾ ਹੈ।

ਜਿਸ ਕੌਮ ਦੇ ਸੂਰਬੀਰਾਂ ਨੇ ਅਕਾਲ ਪੁਰਖ ਤੇ ਵਿਸ਼ਵਾਸ ਰੱਖਦਿਆਂ, ਜ਼ੁਲਮ ਅਤੇ ਅਤਿਆਚਾਰ ਵਿਰੁੱਧ ਸੰਘਰਸ਼ ਕਰਦੇ ਹੋਏ ਆਪਣੇ ਮਹਾਨ ਇਤਿਹਾਸਕ ਵਿਰਸੇ 'ਤੇ ਪਹਿਰਾ ਦਿੰਦਿਆਂ, ਖਿੜੇ ਮੱਥੇ ਆਪਣੇ ਬੰਦ-ਬੰਦ ਕਟਵਾਏ ਹੋਣ, ਜਿਊਂਦੇ ਚਰਖੜੀਆਂ 'ਤੇ

ਚੜ੍ਹੇ ਹੋਣ, ਖੋਪਰੀਆਂ ਲਹਾਈਆਂ ਹੋਣ, ਆਰਿਆਂ ਨਾਲ ਤਨ ਚਿਰਾਏ ਹੋਣ, ਜਿਸ ਕੌਮ ਦਾ ਜਨਮ ਹੀ ਮੌਤ ਵਿੱਚੋਂ ਹੋਵੇ, ਉਸਨੂੰ ਮੌਤ ਦਾ ਖੌਫ ਜਾਂ ਢਾਹੇ ਜਾ ਰਹੇ ਜ਼ੁਲਮ ਤਾਂ ਕੀ ਬਲਕਿ ਦੁਨੀਆਂ ਦੀ ਕੋਈ ਵੀ ਤਾਕਤ ਆਪਣੇ ਨਿਸ਼ਾਨੇ 'ਤੇ ਪਹੁੰਚਣ ਤੋਂ ਕਦਾਚਿਤ ਰੋਕ ਨਹੀਂ ਸਕੇਗੀ ਭਾਵੇਂ ਜ਼ਾਬਰ ਕਿੰਨ੍ਹਾਂ ਵੀ ਜ਼ੁਲਮ ਕਰ ਲੈਣ। ਸੰਘਰਸ਼ ਹਮੇਸ਼ਾਂ ਬਦੀ ਤੇ ਨੇਕੀ ਤੇ ਵਿਚਕਾਰ ਹੁੰਦਾ ਹੈ ਦੇ ਆਖਰ ਜਿੱਤ ਨੇਕੀ ਦੀ ਹੀ ਹੁੰਦੀ ਹੈ।

ਭਾਈ ਸਾਹਿਬ ਜੀ, ਭਾਵੇਂ ਸਰੀਰਕ ਇਕਾਈਆਂ ਦੇ ਹਜੂਮ ਆਉਣ, ਭਾਵੇਂ ਮਨੁੱਖੀ ਗਿਣਤੀਆਂ ਦੇ ਕਹਿਰ, ਵਾਰ ਕਿੰਨਾ ਵੀ ਖ਼ੂਨੀ ਹੋ ਜਾਵੇ। ਹਕੂਮਤਾਂ ਦੀਆਂ ਅਮਿੱਤ ਤਾਕਤਾਂ ਖਾਲਸੇ ਨੂੰ ਕਦੀ ਵੀ ਦਬਾ ਨਹੀਂ ਸਕਦੀਆਂ । ਖਾਲਸਾ ਹਰ ਹਾਲਤ ਵਿੱਚ ਅਝੁੱਕ ਰਹਿੰਦਾ ਹੈ। ਆਪ ਜੀ ਦੇ ਪਰਿਵਾਰ ਨੇ ਖਾਲਸੇ ਸੱਜ ਕੇ ਪੰਥ ਦੀ ਬਹੁਤ ਜ਼ਿਆਦਾ ਸੇਵਾ ਕੀਤੀ ਹੈ ਤੇ ਹੱਸ-ਹੱਸ ਸ਼ਹੀਦੀਆਂ ਪਾਈਆਂ ਹਨ। ਗੁਰੂ ਜੀ ਸਦਾ ਹੀ ਆਪ ਜੀ ਦੇ ਅੰਗ-ਸੰਗ ਹਨ। ਅੱਜ ਹੀ ਅਮਰ ਸ਼ਹੀਦ ਵੀਰ ਬਖ਼ਸ਼ਿਸ਼ ਸਿੰਘ ਜੀ ਦੀ ਅਖ਼ਬਾਰ ਵਿਚ ਫੋਟੋ ਵੇਖੀ ਹੈ। ਅਨਾਰ ਸਿੰਘ ਪਾਹੜਾ ਵਲੋਂ ਭੋਗ ਲਈ ਦਿੱਤੀ ਗਈ ਸੀ। ਆਪ ਜੀ ਦੇ ਪਰਿਵਾਰ ਤੋਂ ਸਿੱਖਿਆ ਲੈ ਕੇ ਪੰਜਾਬ ਦੇ ਹਿੰਦੂਆਂ ਨੂੰ ਚਲ ਰਹੇ ਮੌਜੂਦਾ ਸੰਘਰਸ਼ ਵਿੱਚ ਤਨੋ ਮਨੋ ਹਿੱਸਾ ਪਾਉਣਾ ਚਾਹੀਦਾ ਹੈ। ਪਰ ਇਹ ਸਿੱਖਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਭੁੱਲ ਗਏ। ਇਸੇ ਕਰਕੇ ਹੀ ਇਹਨਾਂ ਦਰਬਾਰ ਸਾਹਿਬ 'ਤੇ ਹੋਏ ਹਮਲੇ ਸਮੇਂ ਖੁਸ਼ੀਆਂ ਮਨਾਈਆਂ ਤੇ ਇੰਦਰਾ ਦੇ ਮਰਨ ਤੋਂ ਬਾਅਦ ਸਿੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ। ਅੱਜ ਵੀ ਪੰਜਾਬ ਵਿੱਚ ਇਹਨਾਂ ਹਿੰਦੂਆਂ ਦੀਆਂ ਵੋਟਾਂ ਨਾਲ ਬੇਅੰਤ ਦੀ ਸਰਕਾਰ ਸਿੱਖਾਂ ਤੇ ਜ਼ੁਲਮ ਢਾਹ ਰਹੀ ਹੈ। ਇਹਨਾਂ ਨੇ ਹਮੇਸ਼ਾਂ ਹੀ ਪੰਥ ਨਾਲ ਦੁਸ਼ਮਣੀ ਕਮਾਈ ਹੈ। ਅਸੀਂ ਹਿੰਦੂਆਂ ਦੇ ਕਤਲੇਆਮ ਦੇ ਵੀ ਵਿਰੁੱਧ ਹਾਂ ਪਰ ਹੁਣ ਤਾਂ ਇਹਨਾਂ ਨੇ ਸਿੱਖਾਂ ਤੇ ਹਿੰਦੂਆਂ ਦੇ ਵਿਚਕਾਰ ਪੱਕੀ ਹੀ ਦੁਸ਼ਮਣੀ ਦੀ ਲਕੀਰ ਖਿੱਚ ਦਿੱਤੀ ਹੈ। ਆਪ ਜੀ ਦੇ ਪਰਿਵਾਰ 'ਤੇ ਸਮੁੱਚੀ ਕੌਮ ਨੂੰ ਫਖ਼ਰ ਹੈ ਤੇ ਸਦਾ ਹੀ ਰਹੇਗਾ। ਆਪਣੇ ਪਰਿਵਾਰ ਦੇ ਪੰਜੇ ਸ਼ਹੀਦਾਂ ਦੀਆਂ ਤੇ ਆਪਣੀਆਂ ਵੀ ਫੋਟੋਆਂ ਸਾਨੂੰ ਭੇਜਣਾ ਅਸੀਂ ਰਸਾਲਿਆਂ ਵਿੱਚ ਛਪਵਾਉਣਾ ਚਾਹੁੰਦੇ ਹਾਂ। ਅਸੀਂ ਇਕ ਵਾਰੀ 'ਦੇਸ਼ ਪ੍ਰਦੇਸ਼' ਵਿੱਚ ਆਪਜੀ ਦੇ ਪਰਿਵਾਰ ਦੀ ਫੋਟੋ ਵੇਖੀ ਸੀ। ਬਾਕੀ ਸਾਰੇ ਪਰਿਵਾਰ ਨੇ ਅਮ੍ਰਿਤ ਛੱਕਿਆ ਸੀ ਪਰ ਆਪ ਜੀ ਦੀ ਫੋਟੋ ਉਸ ਤਰ੍ਹਾਂ ਹੀ ਸੀ। ਭਾਈ ਸਾਹਿਬ ਬਿਹਾਰੀ ਲਾਲ ਸਿੰਘ ਜੀ ਦੱਸਣਾ ਤੁਸੀਂ ਅੰਮ੍ਰਿਤ ਛੱਕਿਆ ਹੈ ਕਿ ਨਹੀਂ । ਅਗਰ ਨਹੀਂ ਤਾਂ ਤੁਸੀਂ ਵੀ ਅੰਮ੍ਰਿਤ ਛੱਕ ਕੇ ਗੁਰੂ ਦੇ ਸਿੰਘ ਸੱਜ ਜਾਉ ਸਾਨੂੰ ਬਹੁਸ ਹੀ ਜ਼ਿਆਦਾ ਖੁਸ਼ੀ ਹੋਵੇਗੀ।

ਸ਼੍ਰੋਮਣੀ ਕਮੇਟੀ ਉਪਰ ਤਾਂ ਗਦਾਰਾਂ ਦਾ ਕਬਜਾ ਹੈ। ਅਸੀਂ ਇਹਨਾਂ ਨੂੰ ਕੀ ਕਹੀਏ । ਇਹਨਾਂ ਨੂੰ ਪੰਥ ਨਾਲ ਕੋਈ ਹਮਦਰਦੀ ਨਹੀਂ। ਇਹ ਤਾਂ ਆਪਣੇ ਘਰ ਭਰਨਾ ਚਾਹੁੰਦੇ ਹਨ ਤੇ ਕੁਰਸੀਆਂ ਦੇ ਭੁੱਖੇ ਹਨ। ਅਸੀਂ ਆਪ ਜੀ ਦੀ ਸਹਾਇਤਾ ਲਈ ਹੋਰ ਪੰਥ ਦਰਦੀਆਂ ਨੂੰ ਕਹਾਂਗੇ। ਤੁਸੀਂ ਕੋਈ ਫਿਕਰ ਨਹੀਂ ਕਰਨਾ, ਸਦਾ ਹੀ ਅਡੋਲ ਚਿੱਤ ਰਹਿਣਾ, ਜੋ ਵੀ ਸਾਡਾ ਵਸ ਚਲੇਗਾ ਅਸੀਂ ਕਰਾਂਗੇ। ਅਸੀਂ ਤਾਂ ਆਪਣੇ ਸ਼ਹੀਦਾਂ ਦੇ ਆਸਰੇ ਅਡੋਲ ਚਿੱਤ ਹਾਂ ਤੇ ਉਹਨਾਂ ਦੀਆਂ ਪਵਿੱਤਰ ਰੂਹਾਂ ਹੀ ਸਾਨੂੰ ਚੜ੍ਹਦੀ ਕਲਾ ਬਖ਼ਸ਼ਦੀਆਂ ਹਨ। ਕੌਮਾਂ ਸ਼ਹੀਦਾਂ ਦੇ ਆਸਰੇ ਜਿਉਂਦੀਆਂ ਹਨ, ਸ਼ਹੀਦਾਂ ਦੀ ਸੇਧ ਨਾਲ ਹੀ ਅੱਗੇ ਵੱਧਦੀਆਂ ਹਨ। ਸ਼ਹੀਦ ਕੌਮ ਦਾ ਸਰਮਾਇਆ ਹਨ। ਸ਼ਹੀਦ ਕੌਮਾਂ ਹੀ ਇਤਿਹਾਸ ਬਣਾਉਂਦੀਆਂ ਹਨ। ਜਿਨਾਂ ਕੰਡਿਆਲੇ ਰਾਹਾਂ ਉਤੇ ਸ਼ਹੀਦ ਨੰਗੇ ਪੈਰੀਂ ਤੁਰ ਕੇ ਰਸਤਾ ਬਣਾਉਂਦੇ ਹਨ ਇਹੀ ਕੰਡਿਆਲੇ ਰਸਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਫੁੱਲਾਂ ਦੀ ਸੇਜ ਬਣ ਜਾਂਦੇ ਹਨ।

ਪਿਆਰੇ ਭਾਈ ਸਾਹਿਬ ਜੀ, ਤੁਸੀਂ ਕਦੀ ਵੀ ਡੋਲਣਾ ਨਹੀਂ। ਇਹ ਸਾਡੇ ਵਾਸਤੇ ਅਸਹਿ ਹੋਵੇਗਾ। ਅਸੀਂ ਹਰ ਹਾਲਤ ਵਿੱਚ ਆਪ ਜੀ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਾਂਗੇ। ਸਾਡੇ ਨਾਲ ਇਥੇ ਦੋ ਵੀਰ ਹੋਰ ਹਨ। ਨਿਰਮਲ ਸਿੰਘ ਤੇ ਅਵਤਾਰ ਸਿੰਘ। ਅਵਤਾਰ ਸਿੰਘ ਜੀ ਪੂਨਾ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਹਨ। ਨਿਰਮਲ ਸਿੰਘ ਦਾ ਪਿੰਡ ਗਦਲੀ ਹੈ ਤੇ ਜ਼ਿਲ੍ਹਾ ਅੰਮ੍ਰਿਤਸਰ। ਹਰਜਿੰਦਰ ਸਿੰਘ ਦਾ ਵੀ ਇਹੀ ਪਿੰਡ ਹੈ। ਮੇਰਾ ਪਿੰਡ 16 ਐਫ.ਐਫ. ਤਹਿਸੀਲ ਸ੍ਰੀ ਕਰਨਪੁਰ, ਜ਼ਿਲ੍ਹਾ ਗੰਗਾ ਨਗਰ, ਰਾਜਸਥਾਨ ਵਿੱਚ ਹੈ। ਪਿਤਾ ਜੀ ਦਾ ਨਾਂ ਸ: ਮਹਿੰਗਾ ਸਿੰਘ ਹੈ। ਮੁਲਾਕਾਤ ਆਉਂਦੀ ਰਹਿੰਦੀ ਹੈ। ਸਾਰੇ ਪਰਿਵਾਰ ਪੂਰਨ ਚੜ੍ਹਦੀ ਕਲਾ ਵਿੱਚ ਹਨ। ਟਕਸਾਲ ਵਾਲੇ ਭਾਈ ਸਾਹਿਬ ਸਰੂਪ ਸਿੰਘ ਜੀ ਵੀ ਸਾਡੀ ਮੁਲਾਕਤ ਕਰਕੇ ਗਏ ਸਨ। ਜਦੋਂ ਤੁਸੀਂ ਮਹਿਤਾ ਸਾਹਿਬ ਗਏ ਤਾਂ ਬਾਬਾ ਠਾਕੁਰ ਸਿੰਘ ਜੀ ਤੇ ਟਕਸਾਲ ਦੇ ਸਮੂਹ ਸਿੰਘਾਂ ਨੂੰ ਸਾਡੀ ਫਤਹਿ ਬੁਲਾਉਣਾ।

ਅੱਛਾ ਭਾਈ ਸਾਹਿਬ ਜੀ, ਹੁਣ ਬੰਦ ਕਰਨ ਦੀ ਇਜਾਜਤ ਦਿਉ। ਬਹੁਤ ਸਾਰੀਆਂ ਗਲਤੀਆਂ ਹੋ ਗਈਆਂ ਹੋਣਗੀਆਂ, ਖਿਮਾ ਦਾ ਜਾਚਕ ਹਾਂ। ਚਿੱਠੀ ਮਿਲਣ 'ਤੇ ਪਤਾ ਦੇਣਾ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹ ।।

ਗੁਰੂ ਪੰਥ ਦਾ ਦਾਸ,
ਸੁਖਦੇਵ ਸਿੰਘ ਨਿਰਮਲ ਸਿੰਘ, ਹਰਜਿੰਦਰ ਸਿੰਘ,ਅਵਤਾਰ ਸਿੰਘ ।

ਪੂਨਾ ਜੇਲ੍ਹ
1-4-92